ਸਲੋਕ

# ਭਗਤ ਫਰੀਦ ਜੀ

ਸਟੀਕ



ਟੀਕਾਕਾਰ : ਸੋਢੀ ਤੇਜਾ ਸਿੰਘ

੧ੴ ਸਤਿਗੁਰ ਪ੍ਰਸਾਦਿ ॥

## ਸਲੋਕ

# ਭਗਤ ਫਰੀਦ ਜੀ

## ਸਟੀਕ

SIKHBOOKCLUB.COM

ਟੀਕਾਕਾਰ -

**ਸੋਢੀ ਤੇਜਾ ਸਿੰਘ**

ਪ੍ਰਕਾਸ਼ਕ -

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

© ਪ੍ਰਕਾਸ਼ਕ

Salok Bhagat Farid Ji Steek
by Sodhi Teja Singh

ISBN : 81-7601-015-4

ਚੌਦ੍ਹਵੀਂ ਐਡੀਸ਼ਨ ਸਤੰਬਰ 2011

ਭੇਟਾ : 40-00

SIKHBOOKCLUB.COM

An ISO 9001:2008 Certified Publishing House
No. 101809-A01

ਪ੍ਰਕਾਸ਼ਕ:

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ: (0183) 2542346, 2547974

ਫੈਕਸ : (0183) 5017488

E-mail : csjssales@hotmail.com
: csjspurchase@yahoo.com
: csjsexport@gmail.com
Visit our Website : www.csjs.com

ਪ੍ਰਿੰਟਰ :

ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 0183-2705003, 5095774

Printed & Bound in India

ੴ ਸਤਿਗੁਰ ਪ੍ਰਸਾਦਿ॥
ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥

# ਸਲੋਕ ਸੇਖ ਫਰੀਦ ਜੀ

## ਸਟੀਕ

ਸੇਖ ਫਰੀਦ ਜੀ ਦਾ ਜਨਮ ਸੰਮਤ ੨੦੩੧ (ਸੰਨ ੧੧੭੩ ਈ:) ਵਿਚ ਸੇਖ ਜਲਾਲ ਦੀਨ ਸੁਲੇਮਾਨ ਦੇ ਘਰ ਮਾਤਾ ਮਰਿਯਮ ਦੇ ਉਦਰ ਤੋਂ ਪਿੰਡ ਦਾ ਚਾਵਲੀ ਮਸਾਇਕ ਜ਼ਿਲਾ ਮੁਲਤਾਨ ਤਹਿਸੀਲ ਮੈਲਸੀ ਵਿਚ ਹੋਇਆ। ਇਥੇ ਗੁਰੂ ਨਾਨਕ ਸਾਹਿਬ ਵੀ ਗਏ ਸਨ, ਜਿਸ ਦੀ ਯਾਦ ਵਿਚ ਇਥੇ ਗੁਰਦੁਆਰਾ ਬਣਿਆ ਹੋਇਆ ਹੈ।

ਸੇਖ ਜੀ ਨੇ ਆਪਣਾ ਨਿਵਾਸ ਅਜੋਧਨ (ਪਾਕਪਟਨ) ਨਗਰ ਵਿਚ ਰਖਿਆ ਸੀ। ਇਨ੍ਹਾਂ ਤੋਂ ਦਸਵੇਂ ਥਾਂ ਬ੍ਰਹਮ ਜੋ ਇਬਰਾਹੀਮ ਦੇ ਨਾਮ ਨਾਲ ਪ੍ਰਸਿਧ ਸਨ, ਗੱਦੀ ਪੁਰ ਬੈਠੇ। ਇਨ੍ਹਾਂ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਦੋ ਵਾਰ ਪਾਕਪਟਨ ਵਿਚ ਚਰਚਾ ਹੋਈ। ਸੇਖ ਇਬਰਾਹੀਮ ਦਾ ਜਨਮ ਸੰਮਤ ੧੬੧੦ (ਸੰਨ ੧੫੫੩) ਵਿਚ ਹੋਇਆ। ਗੁਰੂ ਜੀ ਦੀ ਯਾਦ ਵਿਚ ਇਥੇ ਗੁਰਦੁਆਰਾ ਬਣਿਆ ਹੋਇਆ ਹੈ।

ਫਰੀਦ ਜੀ ਦੇ ਇਨ੍ਹਾਂ ੪੦ ਸਲੋਕਾਂ ਵਿਚ (੧੮ ਸਲੋਕ) ੪ ਗੁਰੂ ਨਾਨਕ ਸਾਹਿਬ, ੫ ਗੁਰੂ ਅਮਰਦਾਸ ਜੀ, ੧ ਗੁਰੂ ਰਾਮਦਾਸ ਜੀ ਅਤੇ ੭ ਗੁਰੂ ਅਰਜਨ ਸਾਹਿਬ ਜੀ ਦੇ ਹਨ। ਇਹ ਸਲੋਕ ਗੁਰੂ ਸਾਹਿਬਾਂ ਨੇ ਫਰੀਦ ਜੀ ਦੇ ਕੁਝ ਸਲੋਕ ਦੇ (ਸਪਸ਼ਟੀਕਰਨ ਵਿਚ ਉਚਾਰੇ ਹਨ।)

# ਟੀਕਾ ਸਲੋਕ ਭਗਤ ਫਰੀਦ ਜੀ

## ਸਲੋਕ ਸੇਖ ਫਰੀਦ ਕੇ

ੴ ਸਤਿਗੁਰ ਪ੍ਰਸਾਦਿ॥

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥ ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**

SIKHBOOKCLUB.COM

ਪਦ ਅਰਥ—ਧਨ=ਇਸਤ੍ਰੀ। ਵਰੀ=ਵਿਆਹੀ ਜਾਏਗੀ। ਮਲਕੁ=ਮੌਤ ਦਾ ਫਰਿਸ਼ਤਾ।

ਅਰਥ—ਜਿਸ ਦਿਨ ਜ਼ੀਵ ਰੂਪ ਇਸਤ੍ਰੀ ਵਿਆਹੀ ਜਾਏਗੀ। ਉਹ (ਵਿਆਹੇ ਜਾਣ ਦਾ) ਸਮਾਂ ਪਹਿਲਾਂ ਲਿਖਾਇਆ। (ਨੀਯਤ ਕੀਤਾ ਗਿਆ) ਹੈ। ਮੌਤ ਦਾ ਫਰਿਸ਼ਤਾ ਜਿਹੜਾ ਕੰਨਾਂ ਨਾਲ ਸੁਣੀਦਾ ਹੈ (ਕਿ ਕੋਈ ਜਿੰਦ ਕੱਢਣ ਵਾਲਾ ਹੈ) ਉਹ (ਉਸ ਸਮੇਂ ਜੋ ਨੀਯਤ ਹੈ, ਆਣਕੇ ਮੂੰਹ ਵਿਖਾਲਦਾ ਹੈ।

**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥ ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥**

ਪਦ ਅਰਥ—ਕੜਕਾਇ=ਤੋੜ ਮਰੋੜ ਕੇ। ਚਲਨੀ= ਟਲਦੇ।

ਅਰਥ— ਉਹ ਹੱਡਾਂ ਨੂੰ ਭੰਨ ਤੋੜ ਕੇ ਵਿਚਾਰੀ ਜਿੰਦ ਨੂੰ ਸਰੀਰ ਵਿਚੋਂ ਕੱਢਦਾ ਹੈ। ਮੌਤ ਦਾ ਸਮਾਂ ਲਿਖਿਆ ਹੋਇਆ ਟਲਦਾ ਨਹੀਂ ਇਹ ਜਿੰਦ ਨੂੰ ਸਮਝਾ ਦਿਓ।

**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥ ਆਪਣ ਹਥੀ ਜੋਲਿਕੈ ਕੈ ਗਲਿ ਲਗੈ ਧਾਇ॥**

ਪਦ ਅਰਥ—ਵਰੁ=ਲਾੜਾ। ਪਰਣਾਇ=ਵਿਆਹ ਕੇ। ਜੋਲਿਕੈ=ਤੋਰ ਕੇ। ਕੈ=ਕਿਸ ਦੇ।

ਅਰਥ—ਜਿੰਦ ਵਹੁਟੀ ਨੂੰ ਮੌਤ ਦਾ ਲਾੜਾ ਵਿਆਹ ਕੇ ਲੈ ਜਾਏਗਾ। ਜਿੰਦ ਨੂੰ ਆਪਣੇ ਹੱਥੀਂ ਤੋਰ ਕੇ ਫਿਰ ਸਰੀਰ ਦੌੜਕੇ ਕਿਸ ਦੇ ਗਲ ਲਗੇਗਾ ਕਿ ਸੁਰਜੀਤ ਰਹੇ।

SIKHBOOKCLUB.COM

**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥ ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥੧॥**

ਪਦ ਅਰਥ—ਪੁਰਸਤਾਲ=ਨਰਕਾਂ ਦੀ ਨਦੀ ਦਾ ਪੁਲ। ਕਿੜੀ=ਅਵਾਜ਼ਾਂ। ਪਵੰਦੀਈ=ਪੈ ਰਹੀਆਂ ਹਨ। ਮੁਹਾਇ = ਠਗਿਆ ਜਾਹ, ਲੁਟਿਆ ਜਾਹ।

ਅਰਥ—ਵਾਲ ਤੋਂ ਵੀ ਬਰੀਕ ਹੈ ਨਰਕਾਂ ਦੀ ਨਦੀ ਦਾ ਪੁਲ, ਕੀ ਤੂੰ ਉਹ ਕੰਨਾਂ ਨਾਲ ਨਹੀਂ ਸੁਣਿਆ ? ਹੇ ਫਰੀਦ ! ਅਵਾਜ਼ਾਂ ਪੈ ਰਹੀਆਂ ਹਨ ਉਸ ਤੋਂ ਲੰਘਣ ਵਾਸਤੇ ਤੂੰ ਖੜਾ

ਖਲੋਤਾ ਹੀ ਆਪ ਨੂੰ ਠਗਾਈ (ਲੁਟਾਈ ਨਾ ਜਾਹ)

ਮਹਾਂ ਪੁਰਖਾਂ ਪੀਰਾਂ ਪੈਗੰਬਰਾਂ ਦੀਆਂ ਸਿਖਿਆ ਦੀਆਂ ਅਵਾਜ਼ਾਂ ਤੇਰੇ ਕੰਨਾਂ ਵਿਚ ਪੈ ਰਹੀਆਂ ਹਨ ਕਿ ਇਸ ਸੰਸਾਰ ਸਮੁੰਦਰ ਤੋਂ ਕਿਸ ਤਰ੍ਹਾਂ ਪਾਰ ਲੰਘਣਾ ਹੈ ਪਰ ਤੂੰ ਅਵੇਸਲਾ ਹੋ ਕੇ ਜੀਵਨ ਬਤੀਤ ਕਰ ਰਿਹਾ ਹੈਂ।

**ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥ ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥ ੨ ॥**

ਪਦ ਅਰਥ—ਦਰ ਦਰਵੇਸੀ=ਪ੍ਰਮਾਤਮਾ ਦੇ ਦਰ ਦੀ ਫਕੀਰੀ। ਗਾਖੜੀ=ਔਖੀ। ਭਤਿ=ਭਾਂਤ ਵਾਂਗ। ਵੰਞਾ=ਜਾਵਾਂ। ਘਤਿ=ਸੁਟ ਕੇ।

SIKHBOOKCLUB.COM

ਅਰਥ—ਹੇ ਫਰੀਦ ! ਪ੍ਰਮਾਤਮਾ ਦੇ ਦਰ ਦੀ ਫਕੀਰੀ ਕਰਨੀ ਔਖੀ ਹੈ, ਪਰ ਮੈਂ ਦੁਨੀਆਂ ਵਾਂਗ ਹੀ ਚਲ ਰਿਹਾ ਹਾਂ। ਦੁਨੀਆਂਦਾਰੀ ਵਾਂਗੂੰ ਮੈਂ ਭੀ ਨਿੱਕੀ ਜਿਹੀ ਗੰਢ (ਮੋਹ ਮਾਇਆ ਦੀ) ਬੰਨ੍ਹ ਕੇ ਸਿਰ ਤੇ ਚੁਕੀ ਹੋਈ ਹੈ, ਇਸ ਗੰਢ ਨੂੰ ਸੁਟ ਕੇ, ਮੋਹ ਮਾਇਆ ਨੂੰ ਤਿਆਗ ਕੇ ਕਿਥੇ ਜਾਵਾਂ ?

**ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥ ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥ ੩ ॥**

ਪਦ ਅਰਥ—ਕਿਝੁ=ਕੁਛ। ਬੁਝੈ=ਸਮਝ ਵਿਚ ਆਉਂਦਾ।

ਗੁਝੀ=ਛੁਪੀ ਹੋਈ। ਭਾਹਿ=ਅੱਗ। ਸਾਂਈ=ਮਾਲਕ ਨੇ। ਹੰ ਭੀ= ਮੈਂ ਭੀ। ਦਝਾਂ ਆਹਿ=ਸੜ ਜਾਂਦਾ।

ਅਰਥ—ਇਹ ਦੁਨੀਆਂ ਛੁਪੀ ਹੋਈ ਅੱਗ ਹੈ, ਇਸ ਵਿਚ ਪਿਆਂ ਨੂੰ ਕੁਝ ਸਮਝ ਸੋਚ ਵਿਚ ਨਹੀਂ ਆਉਂਦਾ (ਕਿ ਇਸ ਮੋਹ ਮਾਇਆ ਦੀ ਅੱਗ ਤੋਂ ਕਿਸ ਤਰ੍ਹਾਂ ਬਚਿਆ ਜਾਵੇ। ਮੇਰੇ ਮਾਲਕ ਨੇ ਬੜਾ ਚੰਗਾ ਕੀਤਾ ਹੈ ਜੁ ਮੇਰੇ ਤੇ ਰਹਿਮ ਕਰਕੇ ਮੈਨੂੰ ਏਸ ਤੋਂ ਬਚਾ ਲਿਆ, ਨਹੀਂ ਤਾਂ ਮੈਂ ਵੀ ਇਸ ਵਿਚ ਸੜ ਜਾਣਾ ਸੀ।

**ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥ ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥੪॥**

ਪਦ ਅਰਥ—ਤਿਲ=ਸੁਆਸ। ਸੰਮਲਿ=ਸੰਭਲ ਕੇ, ਸੋਚ ਵੀਚਾਰ ਕੇ। ਸਹੁ=ਮਾਲਕ, ਪ੍ਰਮਾਤਮਾ। ਨੰਢੜਾ=ਨੱਢਾ ਛੋਟਾ ਬਾਲ ਇਆਣਾ।

ਅਰਥ—ਫਰੀਦਾ! ਜੇ ਮੈਂ ਜਾਣਦਾ ਕਿ (ਇਸ ਸਰੀਰ ਰੂਪੀ ਭਾਂਡੇ ਵਿਚ ਤਿਲ) ਸੁਆਸ ਥੋੜੇ ਹਨ ਤਾਂ ਸੋਚ ਸਮਝ ਕੇ (ਬੁਕ ਭਰਦਾ) ਇਨ੍ਹਾਂ ਗਿਣੇ ਮਿੱਥੇ ਸੁਆਸਾਂ ਨੂੰ ਬਤੀਤ ਕਰਦਾ ਅਤੇ ਜੇ ਮੈਨੂੰ ਇਹ ਵੀ ਪਤਾ ਹੁੰਦਾ ਕਿ ਮੇਰਾ ਮਾਲਕ (ਨੰਢੜਾ) ਬੇਪ੍ਰਵਾਹ ਹੈ ਤਾਂ ਮੈਂ ਉਸ ਉਤੇ ਥੋੜ੍ਹਾ ਮਾਣ ਕਰਦਾ।

**ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥ ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥੫॥**

ਪਦ ਅਰਥ—ਲੜੁ=ਪੱਲਾ। ਛਿਜਣਾ=ਟੁੱਟ ਜਾਣਾ ਹੈ। ਪੀਡੀ=ਪੱਕੀ। ਤੈ=ਤੇਰੇ। ਜੇਵਡੁ=ਜਿਡਾ। ਹੰਢਿ=ਫਿਰ ਕੇ।

ਅਰਥ—ਪ੍ਰਭੂ ! ਜੇ ਮੈਂ ਜਾਣਦਾ ਹੁੰਦਾ ਕਿ ਮੇਰਾ ਪੱਲਾ (ਤੇਰੇ ਨਾਲੋਂ) ਟੁੱਟ ਜਾਣਾ ਹੈ ਤਾਂ ਮੈਂ ਘੁੱਟ ਕੇ ਪੱਕੀ ਗੰਢ ਪਾਉਂਦਾ ਅਤੇ ਤੇਰੇ ਨਾਲ ਆਪਣੇ ਮਨ ਨੂੰ ਦ੍ਰਿੜ੍ਹਤਾ ਨਾਲ ਜੋੜਦਾ। ਕਿਉਂਕਿ ਮੈਂ ਸਾਰਾ ਸੰਸਾਰ ਫਿਰ ਕੇ ਵੇਖ ਲਿਆ ਹੈ, ਤੇਰੇ ਵਰਗਾ ਹੋਰ ਕੋਈ ਨਹੀਂ ਹੈ।

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥ ੬ ॥**

ਪਦ ਅਰਥ—ਅਕਲਿ ਲਤੀਫੁ=ਬਰੀਕ ਅਕਲ ਵਾਲਾ, ਚੰਗੀ ਸਮਝ ਵਾਲਾ। ਕਾਲੇ=ਬੁਰੇ ਕਰਮਾਂ ਦੇ। ਗਿਰੀਵਾਨ-ਬੁੱਕਲ।

ਅਰਥ— ਫਰੀਦ ਜੀ ਕਹਿੰਦੇ ਹਨ, ਹੇ ਭਾਈ ! ਜੇਕਰ ਤੂੰ ਬੁਧੀਵਾਨ ਹੈਂ ਤਾਂ ਕਿਸੇ ਦੇ ਮਾੜੇ ਕਰਮਾਂ ਦਾ ਲੇਖਾ ਨਾ ਲਿਖ ਭਾਵ ਕਿਸੇ ਦੇ ਮਾੜੇ ਕਰਮਾਂ ਦੀ ਗਿਣਤੀ ਨਾ ਕਰ, ਕਿਸੇ ਨੂੰ ਮਾੜਾ ਨਾ ਆਖ ਸਗੋਂ ਆਪਣੀ ਬੁੱਕਲ ਵਿਚ ਨੀਵਾਂ ਸਿਰ ਕਰਕੇ (ਆਪਣੇ ਅੰਦਰ ਝਾਤੀ ਮਾਰ ਕੇ) ਵੇਖ ਕਿ ਤੂੰ ਕਿਹੋ ਜਿਹਾ ਹੈਂ।

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ ੭ ॥**

ਪਦ ਅਰਥ— ਤੈ=ਤੈਨੂੰ। ਘੁੰਮਿ=ਪਰਤ ਕੇ, ਭੌਂ ਕੇ। ਚੁੰਮਿ= ਚੁੰਮ ਕੇ, ਨਮਸ਼ਕਾਰ ਕਰਕੇ।

ਅਰਥ— ਹੇ ਫਰੀਦ! ਜੇ ਤੈਨੂੰ ਕੋਈ ਮੁੱਕੀਆਂ ਮਾਰੇ (ਦੁਖ ਦੇਵੇ ਉਨ੍ਹਾਂ ਨੂੰ ਪਿੱਛੇ ਪਰਤ ਕੇ ਤੂੰ ਨਾ ਮਾਰੀਂ- ਸਗੋਂ ਉਨ੍ਹਾਂ ਦੇ ਪੈਰਾਂ ਨੂੰ ਚੁੰਮ ਕੇ (ਨਮਸ਼ਕਾਰ ਕਰਕੇ) ਆਪਣੇ ਘਰ ਨੂੰ ਚਲਾ ਜਾਈਂ।

**ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥ ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥ ੮ ॥**

ਪਦ ਅਰਥ—ਖਟਣ ਵੇਲ=ਕਮਾਉਣ ਦਾ ਵੇਲਾ ਸੀ। ਰਤਾ=ਲਗਾ ਰਿਹਾ, ਮਸਤ ਰਿਹਾ। ਮਰਗ=ਮੌਤ। ਸਵਾਈ= ਵਧਦੀ ਗਈ। ਲਦਿਆ=ਚਲਿਆ ਗਿਆ।

SIKHBOOKCLUB.COM

ਅਰਥ—ਫਰੀਦ ! ਜਦ ਤੇਰੇ ਖਟਣ ਕਮਾਉਣ (ਨਾਮ ਜਪਣ) ਦਾ ਵੇਲਾ ਸੀ, ਤਾਂ ਤੂੰ ਦੁਨੀਆਂ ਨਾਲ ਮਸਤ ਰਿਹਾ ਅਤੇ ਜਦ ਮੌਤ ਦੀ ਨੀਂਹ ਵਧਦੀ ਗਈ, ਭਾਵ ਮੌਤ ਨੇੜੇ ਆਉਂਦੀ ਗਈ ਅਤੇ ਜਦ ਉਹ ਨੀਂਹ ਸੁਆਸਾਂ ਦੀ ਭਰ ਗਈ, ਪੂਰੀ ਹੋ ਗਈ ਤਾਂ ਏਥੋਂ ਚਲ ਪਿਆ।

**ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥ ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥**

ਪਦ ਅਰਥ—ਜੁ=ਜੋ ਕੁਛ। ਥੀਆ=ਹੋ ਗਿਆ ਹੈ। ਭੂਰ=

ਚਿੱਟੀ। ਅਗਹੁ=ਮਰਨ ਵਾਲਾ ਪਾਸਾ। ਪਿਛਾ=ਜੰਮਣ ਸਮਾਂ।

ਅਰਥ—ਹੇ ਫਰੀਦ! ਜੋ ਕੁਛ ਹੋ ਗਿਆ ਹੈ ਉਸਨੂੰ ਵੇਖ, ਤੇਰੀ ਕਾਲੀ ਦਾੜ੍ਹੀ ਚਿੱਟੀ ਹੋ ਗਈ ਹੈ। ਅਗੇ ਆਉਣ ਵਾਲਾ ਮੌਤ ਦਾ ਸਮਾਂ ਨੇੜੇ ਆ ਗਿਆ ਹੈ ਅਤੇ ਪਿਛਲਾ ਸਮਾਂ ਜਨਮ ਦਾ ਦੂਰ ਰਹਿ ਗਿਆ ਹੈ।

**ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥ ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥**

ਪਦ ਅਰਥ—ਜਿ ਥੀਆ=ਜੋ ਕੁਝ ਹੋਇਆ ਹੈ। ਸਕਰ= ਮਿੱਠਾ। ਵਿਸੁ=ਜ਼ਹਿਰ ਕੌੜੀ। ਵੇਦਣ=ਪੀੜਾ।

ਅਰਥ—ਹੇ ਫਰੀਦ! ਵੇਖ ਜੋ ਕੁਝ ਹੋਇਆ ਹੈ, ਕਿ ਹੁਣ ਮਿੱਠਾ ਗੁੜ ਸ਼ਕਰ ਆਦਿ ਵੀ ਜ਼ਹਿਰ (ਕੌੜੇ) ਲਗਦੇ ਹਨ, ਆਪਣੇ ਮਾਲਕ ਤੋਂ ਬਿਨਾਂ ਇਹ ਆਪਣੀ ਪੀੜਾ ਦਾ ਦੁਖੜਾ ਕਿਸਨੂੰ ਆਖੀਏ। (ਕਿਉਂਕਿ ਇਸ ਬਿਧ ਅਵਸਥਾ ਦੀ ਤਬਦੀਲੀ ਨੂੰ ਪ੍ਰਮਾਤਮਾ ਆਪ ਹੀ ਸੁਣਨ ਤੇ ਜਾਨਣ ਵਾਲਾ ਹੈ)।

**ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥੧੧॥**

ਪਦ ਅਰਥ—ਪਤੀਣੀਆਂ=ਪਤਲੀਆਂ ਪੈ ਗਈਆਂ ਹਨ- ਨਜ਼ਰ ਕਮਜ਼ੋਰ ਹੋ ਗਈ ਹੈ। ਰੀਣੇ=ਖਾਲੀ ਹੋ ਗਏ, ਸੁਣਨ ਸ਼ਕਤੀ

ਤੋਂ ਬੋਲੇ ਹੋ ਗਏ। ਸਾਖ=ਸ਼ਾਖਾ, ਟਾਹਣੀ, ਸਰੀਰ। ਪਕੰਦੀ ਆਈਆ=ਪੱਕ ਗਈ ਹੈ। ਵੰਨ=ਰੰਗ।

ਅਰਥ—ਫਰੀਦ ਜੀ ਕਹਿੰਦੇ ਹਨ, ਅੱਖਾਂ ਵੇਖ ਵੇਖ ਕੇ ਕਮਜ਼ੋਰ ਹੋ ਗਈਆਂ ਹਨ ਅਤੇ ਸੁਣ ਸੁਣ ਕੇ ਕੰਨ ਬੋਲੇ ਹੋ ਗਏ ਹਨ। ਇਸ ਦੇ ਨਾਲ ਦੇਹੀ ਵੀ ਪੱਕ ਗਈ ਅਰਥਾਤ ਬ੍ਰਿਧ ਹੋ ਗਈ ਹੈ ਅਤੇ ਇਸ ਨੇ ਹੋਰ ਹੀ ਰੰਗ ਬਣਾ ਲਿਆ ਹੈ।

**ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥ ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥੧੨॥**

ਪਦ ਅਰਥ—ਕਾਲੀਂ=ਸਿਰ ਦੇ ਕਾਲੇ ਕੇਸਾਂ ਨਾਲ। ਰਾਵਿਆ=ਭੋਗਿਆ, ਮਾਣਿਆ। ਧਉਲੀ=ਸਿਰ ਦੇ ਚਿੱਟੇ ਕੇਸ ਆ ਜਾਣ। ਰਾਵੈ=ਯਾਦ ਕਰਦਾ। ਕੋਇ=ਕੋਈ ਵਿਰਲਾ। ਪਿਰਹੜੀ =ਪਿਆਰ। ਰੰਗੁ=ਪ੍ਰੇਮ। ਨਵੇਲਾ=ਨਵਾਂ।

ਅਰਥ—ਹੇ ਫਰੀਦ ! ਜਿਨ੍ਹਾਂ ਨੇ ਕਾਲੇ ਕੇਸਾਂ ਦੇ ਹੁੰਦਿਆਂ ਭਾਵ ਜਵਾਨੀ ਵਿਚ ਪ੍ਰਭੂ ਪਤੀ ਨੂੰ ਨਹੀਂ ਮਾਣਿਆ, ਭੋਗਿਆ ਅਨੰਦ ਲਿਆ, ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਧੌਲੇ ਕੇਸਾਂ ਨਾਲ ਬੁਢਾਪੇ ਵਿਚ ਪਤੀ ਪ੍ਰਮਾਤਮਾ ਨੂੰ ਯਾਦ ਕਰਦਾ ਹੈ। ਤੂੰ ਆਪਣੇ ਮਾਲਕ ਨਾਲ ਪਿਆਰ ਕਰ, ਤੇਰਾ ਪ੍ਰੇਮ ਨਿੱਤ ਨਵਾਂ ਹੋਵੇਗਾ।

**ਮ: ੩ ॥ ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥ ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ**

**ਕੋਇ॥ ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥੧੩॥**

ਪਦ ਅਰਥ=ਚਿਤਿ ਕਰੇ=ਚਿੱਤ ਵਿਚ ਯਾਦ ਕਰੇ। ਪਿਰਮੁ=ਪ੍ਰੇਮ, ਪਿਆਰ। ਲੋਚੇ=ਚਾਹਵੇ। ਜੈ=ਜਿਸ ਨੂੰ। ਤੈ=ਤਿਸ ਨੂੰ।

ਅਰਥ—ਹੇ ਫਰੀਦ ! ਜਵਾਨੀ ਤੇ ਬੁਢੇਪੇ ਵਿਚ ਪ੍ਰਭੂ ਸਦਾ ਹੀ ਹੈ, ਜੇ ਕੋਈ ਉਸ ਨੂੰ ਯਾਦ ਕਰਦਾ ਰਹੇ। ਆਪਣਾ ਲਾਇਆ ਹੋਇਆ ਪ੍ਰੇਮ ਪਿਆਰ ਨਹੀਂ ਲੱਗਦਾ, ਭਾਵੇਂ ਸਭ ਕੋਈ ਇਸ ਨੂੰ ਚਾਹੁੰਦਾ ਹੈ। ਇਹ ਪ੍ਰੇਮ ਦਾ ਪਿਆਲਾ ਮਾਲਕ ਪ੍ਰਭੂ ਦਾ ਹੈ, ਜਿਸ ਨੂੰ ਉਹ ਚਾਹੇ ਉਸ ਨੂੰ ਹੀ ਦੇਂਦਾ ਹੈ।

**ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥ ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥੧੪॥**

ਪਦ ਅਰਥ—ਲੋਇਣ=ਅੱਖਾਂ। ਕਜਲ-ਰੇਖ=ਸੁਰਮੇ ਦੀ ਧਾਰੀ। ਸੂਇ=ਬੱਚੇ। ਬਹਿਠੁ=ਬੈਠੇ ਹਨ।

ਅਰਥ—ਫਰੀਦ ਜੀ ਕਹਿੰਦੇ ਹਨ, ਜਿਨ੍ਹਾਂ ਅੱਖਾਂ ਨੇ ਜਗਤ ਨੂੰ (ਆਪਣੀ ਸੁੰਦਰਤਾ ਕਰਕੇ) ਮੋਹਿਆ ਹੋਇਆ ਸੀ, ਉਹ ਅੱਖਾਂ ਮੈਂ ਡਿੱਠੀਆਂ ਹਨ। ਪਹਿਲਾਂ ਉਹ ਸੁੰਦਰ ਅੱਖਾਂ ਸੁਰਮੇ ਦੀ ਧਾਰੀ ਵੀ ਨਹੀਂ ਸਹਾਰਦੀਆਂ ਸਨ, ਪਰ ਹੁਣ ਉਨ੍ਹਾਂ ਵਿਚ ਪੰਛੀਆਂ ਦੇ ਬੱਚੇ ਬੈਠੇ ਹਨ। ਭਾਵ ਹੈ ਕਿ ਕਿਸੇ ਪ੍ਰਕਾਰ ਦੀ ਸਰੀਰਕ ਸੁੰਦਰਤਾ ਤੇ ਮਾਣ ਨਹੀਂ ਕਰਨਾ ਚਾਹੀਦਾ, ਇਹ ਕੁਛ ਦਿਨਾਂ ਦੀ ਪ੍ਰਾਹੁਣੀ ਹੈ।

**ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥੧੫॥**

ਪਦ ਅਰਥ—ਕੂਕੇਦਿਆ ਚਾਂਗੇਦਿਆ=ਉੱਚੀ ਉੱਚੀ ਚਾਂਗਰਾਂ (ਟਾਹਰਾਂ) ਮਾਰਦਿਆਂ। ਸੈਤਾਨਿ=ਬੁਰੇ ਕੰਮ ਕਰਨ ਵਾਲੇ, ਖੋਟੇ ਮਨ ਨੇ। ਵੰਞਾਇਆ=ਗਵਾਇਆ।

ਅਰਥ—ਫਰੀਦ ਜੀ ਕਹਿੰਦੇ ਹਨ, ਉੱਚੀ ਉੱਚੀ ਪੁਕਾਰ ਕੇ ਟਾਹਰਾਂ ਮਾਰ ਕੇ ਸਦਾ ਹੀ ਮੱਤ ਦੇਦਿਆਂ (ਸਮਝਾਉਂਦਿਆਂ) ਨੂੰ, ਉਹ (ਬੁਰਾਈਆਂ ਵਲੋਂ) ਆਪਣੇ ਚਿੱਤ ਨੂੰ ਕਿਸ ਤਰ੍ਹਾਂ ਮੋੜ ਸਕਦੇ ਹਨ, ਜਿਨ੍ਹਾਂ ਨੂੰ ਖੋਟੇ ਮਨ ਨੇ (ਰੱਬ ਦੇ ਪਾਸੇ ਵਲੋਂ) ਗਵਾ ਦਿਤਾ ਹੋਇਆ ਹੈ।

SIKHBOOKCLUB.COM

**ਫਰੀਦਾ ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥ ਇਕੁ ਛਿਜਹਿ ਬਿਆ ਲਤਾੜੀਅਹਿ॥ ਤਾਂ ਸਾਈ ਦੈ ਦਰਿ ਵਾੜੀਅਹਿ॥੧੬॥**

ਪਦ ਅਰਥ—ਥੀਉ=ਹੋ ਜਾ। ਪਵਾਹੀ=ਪਹੇ (ਰਸਤੇ ਦੀ)। ਦਭੁ=ਘਾਹ। ਸਭੁ=ਸਭ ਵਿਚ, ਸਭ ਥਾਈਂ। ਛਿਜਹਿ=ਕੱਟਦਾ। ਦਰਿ=ਦਰ ਤੇ। ਵਾੜੀਅਹਿ=ਵਾੜਿਆ ਜਾਏਂਗਾ, ਪ੍ਰਵਾਨ ਹੋਵੇਂਗਾ।

ਅਰਥ—ਹੇ ਫਰੀਦ ! ਜੇਕਰ ਤੂੰ ਪ੍ਰਮਾਤਮਾ ਨੂੰ ਸਭ ਥਾਈਂ ਤਥਾ ਸਭ ਵਿਚ ਵੇਖਣਾ ਚਾਹੁੰਦਾ ਹੈਂ, ਤਾਂ ਰਸਤੇ ਦੀ ਦਭੁ (ਘਾਹ)

ਵਰਗਾ ਹੋ ਜਾ, ਜਿਸ ਨੂੰ ਕੋਈ ਇਕ ਕੁਟਦਾ ਤੋੜਦਾ ਹੈ ਤੇ ਦੂਜਾ ਉਸਨੂੰ ਪੈਰਾਂ ਹੇਠਾਂ ਦਬਾਉਂਦਾ ਹੈ, ਤਾਂ ਫਿਰ ਉਹ ਮਾਲਕ ਦੇ ਦਰ ਤੇ ਪ੍ਰਵਾਨ ਹੁੰਦਾ ਹੈ। (ਤੂੰ ਵੀ ਜੇਕਰ ਪ੍ਰਭੂ ਦੇ ਦਰ ਤੇ ਪ੍ਰਵਾਨ ਹੋਣਾ ਚਾਹੁੰਦਾ ਹੈਂ ਤਾਂ ਹਉਮੈ ਦਾ ਤਿਆਗ ਕਰਕੇ ਨਿਮਾਣਾ ਨਿਤਾਣਾ ਹੋਇ ਰਹੁ)।

**ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥੧੭॥**

ਪਦ ਅਰਥ—ਖਾਕੁ=ਮਿੱਟੀ। ਜੇਡੁ=ਜੇਡਾ, ਵਰਗਾ।

ਅਰਥ—ਫਰੀਦ ਜੀ ਕਹਿੰਦੇ ਹਨ, ਕਿ ਮਿੱਟੀ ਨੂੰ ਮਾੜਾ ਨਹੀਂ ਆਖਣਾ ਚਾਹੀਦਾ, ਇਸ ਮਿੱਟੀ ਵਰਗਾ ਹੋਰ ਕੋਈ ਨਹੀਂ ਹੈ। ਇਹ ਜੀਉਂਦੇ ਮਨੁੱਖ ਦੇ ਪੈਰਾਂ ਹੇਠਾਂ ਹੁੰਦੀ ਹੈ ਅਤੇ ਮਰ ਗਏ ਮਨੁੱਖ ਦੇ ਉਪਰ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਨਿੰਮ੍ਰਤਾ ਧਾਰਨ ਕਰਨ ਵਾਲਾ ਮਨੁੱਖ ਅੰਤ ਨੂੰ ਸਭ ਹੰਕਾਰੀਆਂ ਨਿੰਦਕਾਂ ਦੇ ਉੱਪਰ ਅਸਥਾਨ ਪਾਉਂਦਾ ਹੈ।

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ ਕਿਚਰੁ ਝਤਿ ਲਘਾਈਐ ਛਪਰਿ ਤੂਟੈ ਮੇਹੁ॥੧੮॥**

ਪਦ ਅਰਥ—ਕਿਚਰੁ=ਕਦ ਤੱਕ। ਝਤਿ=ਝੱਟ, ਸਮਾਂ। ਮੇਹੁ=ਮੀਂਹ ਨਾਲ।

ਅਰਥ— ਹੇ ਫਰੀਦ ! ਜੇਕਰ ਕਿਸੇ ਨਾਲ ਪਿਆਰ ਕਰਨ

ਵਿਚ ਲਾਲਚ ਸੁਆਰਥ ਹੋਵੇ ਤਾਂ ਉਥੇ ਪਿਆਰ ਕਾਹਦਾ? ਜੇ ਲਾਲਚ ਹੋਵੇ ਤਾਂ ਉਹ ਝੂਠਾ ਪਿਆਰ ਹੈ। ਜੇਕਰ ਮੀਂਹ ਨਾਲ ਛਪਰ ਟੁੱਟ ਜਾਵੇ ਤਾਂ ਕਿੰਨਾ ਕੁ ਚਿਰ ਝਟ ਸਮਾਂ ਲੰਘ ਜਾਏਗਾ। ਅਰਥਾਤ ਜਿਸ ਤਰ੍ਹਾਂ ਟੁਟੇ ਹੋਏ ਛੱਪਰ ਹੇਠਾਂ ਮੀਂਹ ਤੋਂ ਬਚਾਉ ਦਾ ਸਮਾਂ ਨਹੀਂ ਲੰਘ ਸਕਦਾ, ਇਸ ਤਰ੍ਹਾਂ ਹੀ ਜਿਥੇ ਲੋਭ ਲਾਲਚ ਹੋਵੇ ਉਥੇ ਪਿਆਰ ਨਹੀਂ ਨਿਭ ਸਕਦਾ।

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥**

ਪਦ ਅਰਥ—ਵਣਿ ਕੰਡਾ=ਜੰਗਲ ਵਿਚਲੇ ਕੰਡੇ। ਮੋੜੇਹਿ =ਮੋੜਦਾ, ਲਤਾੜਦਾ। ਹਿਆਲੀਐ=ਹਿਰਦੇ ਵਿਚ।

SIKHBOOKCLUB.COM

ਅਰਥ—ਹੇ ਫਰੀਦ ! ਤੂੰ ਜੰਗਲਾਂ ਵਿਚ (ਕਿਸ ਵਾਸਤੇ) ਭੌਂਦਾ ਫਿਰਦਾ ਹੈਂ ਅਤੇ ਜੰਗਲ ਵਿਚ ਕੰਡੇ ਲਤਾੜਦਾ ਫਿਰਦਾ ਹੈਂ, ਰੱਬ ਤਾਂ ਤੇਰੇ ਹਿਰਦੇ ਵਿਚ ਹੀ ਵਸ ਰਿਹਾ ਹੈ। ਤੂੰ ਜੰਗਲ ਵਿਚ ਕੀ ਲਭ ਰਿਹਾ ਹੈਂ?

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥**

ਪਦ ਅਰਥ—ਜੰਘੀਐ=ਲੱਤਾਂ ਨਾਲ। ਡੂੰਗਰ=ਪਹਾੜ। ਭਵਿਓਮ੍ਹਿ=ਮੈਂ ਭਵਿਆ ਫਿਰਿਆ। ਕੂਜੜਾ=ਲੋਟਾ, ਉਜ਼ੂ ਕਰਨ

ਵਾਲਾ। ਥੀਓਮਿ=ਹੋ ਗਿਆ ਹੈ ਮੈਨੂੰ।

ਅਰਥ—ਹੇ ਫਰੀਦ ! ਇਨ੍ਹਾਂ ਛੋਟੀਆਂ ਛੋਟੀਆਂ ਲੱਤਾਂ ਨਾਲ ਮੈਂ ਮੈਦਾਨ ਤੇ ਪਹਾੜ ਭੌਂਦਾ ਫਿਰਦਾ ਰਿਹਾ। ਪਰ ਅਜ ਮੈਨੂੰ ਉਜੂ ਕਰਨ ਵਾਲਾ ਛੋਟਾ ਜਿਹਾ ਲੋਟਾ ਵੀ (ਜਿਹੜਾ ਮੇਰੇ ਪਾਸ ਹੀ ਪਿਆ ਹੋਇਆ ਹੈ) ਸੌ ਕੋਹਾਂ ਤੇ ਹੋ ਗਿਆ ਹੈ। ਭਾਵ ਹੈ ਕਿ ਜੇਹੜੀ ਗੱਲ ਜਵਾਨੀ ਵਿਚ ਕਰ ਸਕੀਦੀ ਹੈ ਉਹ ਬੁਢੇਪੇ ਵਿਚ ਕਰਨੀ ਬਹੁਤ ਕਠਨ ਹੁੰਦੀ ਹੈ।

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥ ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥੨੧॥**

SIKHBOOKCLUB.COM

ਪਦ ਅਰਥ—ਧੁਖਿ=ਹੰਭ ਜਾਣਾ। ਪਾਸ=ਸਰੀਰ ਦੇ ਪਾਸੇ। ਵਿਡਾਣੀ=ਬਿਗਾਨੀ।

ਅਰਥ—ਹੇ ਫਰੀਦ ! ਉਮਰ ਦੀਆਂ ਵਡੀਆਂ ਲੰਮੀਆਂ ਰਾਤਾਂ ਵਿਚ ਪਿਆਰੇ ਦੀ ਉਡੀਕ ਵਿਚ ਪਾਸੇ (ਪਸਲੀਆਂ ਆਦਿ ਥੱਕ ਹੰਭ ਕੇ ਦੁਖਣ ਲੱਗ ਜਾਂਦੇ ਹਨ, ਉਨ੍ਹਾਂ ਦਾ ਜੀਊਣਾ ਧ੍ਰਿਗ ਹੈ, ਜਿਨ੍ਹਾਂ ਨੂੰ ਬਿਗਾਨੀ (ਰੱਬ ਤੋਂ ਬਿਨਾਂ ਹੋਰ ਕਿਸੇ ਦੀ) ਆਸ ਹੈ।

**ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥ ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥੨੨॥**

ਪਦ ਅਰਥ—ਵਾਰਿਆ = ਲੁਕਾ ਕੇ ਰਖਿਆ।

ਆਇੜਿਆਂ=ਆਇਆਂ ਤੋਂ। ਹੇੜਾ=ਮਾਸ ਸਰੀਰ। ਮਜੀਠ=ਇਕ ਵੇਲ ਜਿਸ ਨੂੰ ਅੱਗ ਬਹੁਤ ਛੇਤੀ ਲੱਗਦੀ ਹੈ।

ਅਰਥ—ਹੇ ਫਰੀਦ ! ਆਪਣੇ ਸੱਜਣਾਂ ਦੇ ਆਇਆਂ, ਜੇਕਰ ਮੈਂ ਉਨ੍ਹਾਂ ਤੋਂ ਕੁਛ ਲੁਕਾ ਕੇ ਰਖਿਆ ਹੋਵੇ ਤਾਂ ਮੇਰਾ ਸਰੀਰ ਅੱਗ ਦੇ ਅੰਗਿਆਰਾਂ ਉਤੇ ਇਸ ਤਰ੍ਹਾਂ ਸੜ ਜਾਵੇ ਜਿਸ ਤਰ੍ਹਾਂ ਮਜੀਠ ਦੀਆਂ ਸੁੱਕੀਆਂ ਵੇਲਾਂ ਭੜ ਭੜ ਕਰਕੇ ਸੜਦੀਆਂ ਹਨ।

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥**

ਪਦ ਅਰਥ—ਦਾਖ=ਛੋਟਾ ਅੰਗੂਰ। ਬਿਜਉਰੀਆਂ=ਬਿਜੌਰ ਦੇ ਇਲਾਕੇ ਦਾ। ਬਿਜੌਰ=ਮਾਲ ਕੰਦ ਤੋਂ ਅੱਗੇ ਪਠਾਣੀ ਦੇਸ਼ ਦਾ ਇਕ ਇਲਾਕਾ। ਹੰਢੈ=ਫਿਰਦਾ ਹੈ। ਪੈਧਾ=ਪਹਿਨਣਾ। ਲੋੜੈ=ਚਾਹੁੰਦਾ ਹੈ। ਪਟੁ=ਰੇਸ਼ਮ।

ਅਰਥ—ਫਰੀਦ ਜੀ ਕਹਿੰਦੇ ਹਨ, ਜਿਹੜਾ ਪੁਰਸ਼ ਬਿਜੌਰ ਦੇਸ਼ ਦੇ ਅੰਗੂਰ ਨੂੰ ਖਾਣਾ ਚਾਹੁੰਦਾ ਹੈ, ਪਰ ਬੀਜਦਾ ਉਹ ਕਿੱਕਰ (ਕੰਡਿਆਂ ਵਾਲਾ) ਬ੍ਰਿੱਛ ਹੈ। (ਉਹ ਕਿੱਕਰ ਬੀਜ ਕੇ ਅੰਗੂਰ ਨਹੀਂ ਖਾ ਸਕਦਾ) ਇਸ ਤਰ੍ਹਾਂ ਹੀ ਜਿਹੜਾ ਪੁਰਸ਼ ਭੇਡਾਂ ਆਦਿ ਪਸ਼ੂਆਂ ਦੀ ਉੱਨ ਕਤਾਉਂਦਾ ਫਿਰਦਾ ਹੈ, ਪਰ ਰੇਸ਼ਮ ਪਹਿਨਣਾ ਚਾਹੁੰਦਾ ਹੈ। ਉਹ ਉੱਨ ਤਿਆਰ ਕਰਕੇ ਰੇਸ਼ਮ ਨਹੀਂ ਪਹਿਣ ਸਕਦਾ, ਭਾਵ ਹੈ ਕਿ ਕੰਮ ਬੁਰਿਆਈਆਂ ਦੇ ਕਰਕੇ ਉਨ੍ਹਾਂ ਤੋਂ ਸੁਰਗਾਂ ਦੀ ਆਸ ਰਖਣੀ ਬੇਅਰਥ ਹੈ।

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥**

ਪਦ ਅਰਥ—ਗਲੀਏ=ਰਸਤੇ ਵਿਚ। ਨੇਹੁ=ਪਿਆਰ। ਰਹਾਂ ਤ=ਜੇ ਨਾ ਜਾਵਾਂ ਤਾਂ।

ਅਰਥ—ਹੇ ਫਰੀਦ! (ਮੀਂਹ ਪੈਣ ਕਰਕੇ) ਗਲੀ ਵਿਚ ਚਿੱਕੜ ਹੈ ਅਤੇ ਪਿਆਰੇ ਦਾ ਘਰ ਦੂਰ ਹੈ। ਜੇ ਮੈਂ ਉਹਨੂੰ ਮਿਲਣ ਜਾਂਦਾ ਹਾਂ ਤਾਂ ਮੀਂਹ ਨਾਲ ਮੇਰੀ ਕੰਬਲੀ ਭਿਜਦੀ ਹੈ ਤੇ ਜੇਕਰ ਨਹੀਂ ਜਾਂਦਾ ਤਾਂ ਮੇਰਾ ਪਿਆਰ ਟੁੱਟਦਾ ਹੈ।

**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥**

ਪਦ ਅਰਥ—ਭਿਜਉ ਸਿਜਉ=ਭਿੱਜ ਕੇ ਸਿੱਜ ਜਾਵੇ, ਪਾਣੀ ਨਾਲ ਭਰ ਜਾਵੇ। ਅਲਹ=ਰੱਬ ਵਲੋਂ।

ਅਰਥ—ਮੇਰੀ ਕੰਬਲੀ ਬੇਸ਼ਕ ਮੀਂਹ ਨਾਲ ਚੰਗੀ ਤਰ੍ਹਾਂ ਭਿੱਜ ਕੇ ਪਾਣੀ ਨਾਲ ਭਰ ਜਾਵੇ, ਰੱਬ ਵਲੋਂ ਮੀਂਹ ਵੀ ਪੈਂਦਾ ਰਹੇ, ਪਰ ਮੈਂ ਉਨ੍ਹਾਂ ਸੱਜਣਾਂ ਨੂੰ ਜਾ ਕੇ ਜ਼ਰੂਰ ਮਿਲਾਂਗਾ ਤਾਂ ਕਿ ਮੇਰਾ ਪਿਆਰ ਨਾ ਟੁੱਟ ਜਾਵੇ।

**ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ ਗਹਿਲਾ ਰੂਹੁ ਨ ਜਾਣਈ ਸਿਰੁ**

**ਭੀ ਮਿਟੀ ਖਾਇ॥੨੬॥**

ਪਦ ਅਰਥ—ਭੋਲਾਵਾ=ਭੁਲੇਖਾ। ਗਹਿਲਾ=ਭੁਲੜ, ਗਾਫਲ। ਰੂਹੁ=ਜੀਵ ਆਤਮਾ।

ਅਰਥ—ਹੇ ਫਰੀਦ! ਮੈਨੂੰ ਆਪਣੀ ਪੱਗ ਦਾ ਫਿਕਰ ਸੀ, ਕਿ ਇਹ ਮੈਲੀ ਨਾ ਹੋ ਜਾਵੇ। ਪਰ ਇਹ ਭੁਲੜ (ਬੇਪ੍ਰਵਾਹ) ਜੀਵ ਆਤਮਾ ਇਹ ਨਹੀਂ ਜਾਣਦੀ ਕਿ ਮੇਰੇ ਸਿਰ ਨੂੰ ਵੀ ਮਿੱਟੀ ਨੇ ਹੀ ਖਾਣਾ ਹੈ।

**ਫਰੀਦਾ ਸਕਰ ਖੰਡੂ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥**

ਪਦ ਅਰਥ—ਨਿਵਾਤ=ਮਿਸ਼ਰੀ। ਮਾਖਿਉ=ਸ਼ਹਿਤ। ਤੁਧੁ =ਤੈਨੂੰ।

SIKHBOOKCLUB.COM

ਅਰਥ—ਹੇ ਫਰੀਦ! ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਤ ਅੰਤੇ ਮਾਝਾ ਦੁਧ, ਇਹ ਸਾਰੀਆਂ ਚੀਜ਼ਾਂ ਭਾਵੇਂ ਮਿੱਠੀਆਂ ਹਨ, ਪਰ ਹੇ ਰੱਬ! ਇਹ ਤੈਨੂੰ ਨਹੀਂ ਪੁਜ ਸਕਦੀਆਂ। (ਤੇਰੀ ਬਰਾਬਰੀ ਨਹੀਂ ਕਰ ਸਕਦੀਆਂ) ਕਿਉਂਕਿ ਤੇਰਾ ਨਾਮ ਸਭ ਤੋਂ ਮਿੱਠਾ ਹੈ।

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥ ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥੨੮॥**

ਪਦ ਅਰਥ—ਲਾਵਣੁ=ਸਬਜ਼ੀ ਭਾਜੀ ਸਲੂਣਾ। ਘਣੇ= ਬਹੁਤੇ।

ਅਰਥ—ਫਰੀਦ ਜੀ ਕਹਿੰਦੇ ਹਨ, ਮੇਰੀ ਰੋਟੀ ਲੱਕੜ ਦੀ ਹੈ ਅਤੇ ਇਸ ਨਾਲ ਖਾਣ ਵਾਸਤੇ ਭੁਖ ਮੇਰਾ ਸਲੂਣਾ ਭਾਜੀ ਹੈ। ਜਿਹੜੇ ਚੰਗਾ ਚੋਖਾ ਤੇ ਘਿਓ ਨਾਲ ਚੋਪੜੀ ਰੋਟੀ ਖਾਂਦੇ ਹਨ, ਉਹ ਅੰਤ ਨੂੰ ਬਹੁਤ ਦੁਖ ਪਾਉਣਗੇ। ਭਾਵ ਹੈ-ਦਸਾਂ ਨਹੁੰਆਂ ਦੀ ਨੇਕ ਕਮਾਈ ਦੀ ਰੋਟੀ ਤੇ ਉਸ ਨੂੰ ਖਾਣ ਵਾਸਤੇ ਮੇਰੀ ਭੁਖ ਹੀ ਮੇਰਾ ਸਲੂਣਾ ਹੈ, ਇਸ ਨਾਲ ਨਾ ਕਿਸੇ ਦਾ ਦਿਲ ਦੁਖੇਗਾ ਅਤੇ ਨਾ ਕੋਈ ਦੇਵੇਗਾ। ਪਰ ਜਿਹੜੇ ਘਾਲਾ ਮਾਲਾ ਕਰਕੇ ਚੰਗਾ ਚੋਖਾ ਖਾਂਦੇ ਹਨ, ਉਨ੍ਹਾਂ ਨੂੰ ਪਰਾਇਆ ਹੱਕ ਖਾਣ ਕਰਕੇ ਦੁਖ ਮਿਲਣਗੇ।

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ ੨੯ ॥**

SIKHBOOKCLUB.COM

ਪਦ ਅਰਥ—ਰੁਖੀ=ਬਿਨਾਂ ਸਲੂਣੇ ਦੇ। ਸੁਖੀ= ਅਨਚੋਪੜੀ।

ਅਰਥ—ਹੇ ਫਰੀਦ! ਨੇਕ ਕਮਾਈ ਦੀ ਰੋਟੀ ਬਿਨਾਂ ਕਿਸੇ ਸਲੂਣੇ ਦੇ ਅਤੇ ਬਿਨਾਂ ਚੋਪੜਨ ਦੇ, ਖਾ ਕੇ ਠੰਡਾ ਪਾਣੀ ਪੀ ਕੇ (ਦਾਤੇ ਦਾ ਸ਼ੁਕਰ ਕਰਕੇ ਆਰਾਮ ਕਰ) ਤੇ ਦੂਸਰੇ ਦੀ ਚੋਪੜੀ ਹੋਈ ਰੋਟੀ ਵੇਖ ਕੇ ਆਪਣੇ ਜੀਅ ਨੂੰ ਨਾ ਤਰਸਾਵੀਂ।

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥ ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦ ॥**

ਪਦ ਅਰਥ—ਡੋਹਾਗਣੀ=ਛੁਟੜ। ਕਿਉ=ਕਿਸ ਤਰ੍ਹਾਂ।

ਅਰਥ—ਫਰੀਦ ਜੀ ਕਹਿੰਦੇ ਹਨ, ਮੈਂ ਅਜ ਹੀ ਆਪਣੇ ਪਤੀ ਪ੍ਰਮਾਤਮਾ ਨਾਲ ਨਹੀਂ ਸੁੱਤੀ (ਜੁੜੀ) ਤਾਂ ਮੇਰੇ ਹੱਥ ਪੈਰ ਸਾਰਾ ਸਰੀਰ ਟੁੱਟ ਭੱਜ ਰਿਹਾ ਹੈ ਪਰ ਉਨ੍ਹਾਂ ਛੁੱਟੜਾਂ ਨੂੰ ਜਾ ਕੇ ਪੁਛੋ ਕਿ ਤੁਹਾਡੀ ਰਾਤ (ਜ਼ਿੰਦਗੀ) ਕਿਸ ਤ੍ਰਾਂ ਬੀਤਦੀ ਹੈ।

**ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥ ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥੩੧॥**

ਪਦ ਅਰਥ—ਢੋਈ=ਆਸਰਾ। ਪੇਈਐ=ਪੇਕੇ, ਮਾਂ ਬਾਪ ਦੇ ਘਰ। ਵਾਤੜੀ=ਵਾਤ, ਖਬਰ। ਧਨ=ਇਸਤ੍ਰੀ।

ਅਰਥ—ਜਿਸ ਇਸਤਰੀ ਨੂੰ ਨਾ ਸਹੁਰੇ ਘਰ ਆਸਰਾ ਮਿਲਦਾ ਹੈ ਅਤੇ ਨਾ ਹੀ ਪੇਕੇ ਘਰ ਕੋਈ ਥਾਂ ਮਿਲਦੀ ਹੈ, ਪਤੀ ਉਸ ਦੀ ਕੋਈ ਖਬਰ ਨਹੀਂ ਲੈਂਦਾ ਪਰ ਉਹ ਫਿਰ ਵੀ ਜੇਕਰ ਆਪਣੇ ਆਪ ਨੂੰ ਸੁਹਾਗਣ ਕਹਿੰਦੀ ਹੈ ਤਾਂ ਠੀਕ ਨਹੀਂ ਹੈ।

**ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥ ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥੩੨॥**

ਇਹ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਫਰੀਦ ਜੀ ਦੇ ਉਪਰਲੇ ਸਲੋਕ ਦੇ ਸਪਸ਼ਟੀ ਕਰਨ ਵਾਸਤੇ, ਮਾਰੂ ਰਾਗ ਦੀ ਵਾਰ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ।

ਪਦ ਅਰਥ—ਅਗੰਮੁ=ਗੰਮਤਾ ਰਹਿਤ, ਪਹੁੰਚ ਤੋਂ ਪਰ੍ਹੇ।

SIKHBOOKCLUB.COM

ਅਥਾਹੁ=ਜਿਸ ਦੀ ਹਾਥ ਨ ਆਵੇ, ਭਾਵ ਬੇਅੰਤ। ਬੇਪਰਵਾਹਾ=ਪਰਮਾਤਮਾ।

ਅਰਥ— ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸੋਹਾਗਣੀ ਉਹੀ ਹੈ, ਜਿਹੜੀ ਆਪਣੇ ਪਤੀ ਪਰਮਾਤਮਾ ਨੂੰ ਭਾਉਂਦੀ ਚੰਗੀ ਲੱਗਦੀ ਹੈ ਅਤੇ ਸਹੁਰੇ (ਪਰਲੋਕ ਵਿਚ ਤੇ ਪੇਕੇ ਇਸ ਲੋਕ) ਵਿਚ ਆਪਣੇ ਪਤੀ ਦੀ ਬਣ ਕੇ ਰਹਿੰਦੀ ਹੈ।

**ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥ ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ ੩੩ ॥**

ਪਦ ਅਰਥ—ਸੰਬਹੀ=ਫਬੀ ਹੋਈ, ਸੱਜੀ ਹੋਈ। ਨਚਿੰਦੁ =ਬੇਫਿਕਰ ਹੋ ਕੇ। ਬੇੜੀ=ਵੇਹੜੀ ਹੋਈ (ਲਪੇਟੀ ਹੋਈ)। ਕਥੂਰੀ =ਕਸਤੂਰੀ। ਗੰਧੁ=ਸੁਗੰਧੀ।

SIKHBOOKCLUB.COM

ਅਰਥ— ਇਸਤਰੀ ਨ੍ਹਾ ਧੋ ਕੇ ਸੱਜ ਧੱਜ ਕੇ (ਪਤੀ ਮਿਲਾਪ ਦੀ ਆਸ ਵਿਚ ਤਿਆਰੀ ਕਰਕੇ ਫਿਰ) ਬੇਫਿਕਰ ਹੋ ਕੇ ਸੌਂ ਗਈ। ਫਰੀਦਾ ਜੀ ਕਹਿੰਦੇ ਹਨ, ਕਿ ਉਸ ਇਸਤਰੀ ਦੀ ਕਸਤੂਰੀ ਵਾਲੀ ਸੁਗੰਧੀ ਤਾਂ ਚਲੀ ਗਈ ਪਰ ਹਿੰਗ ਦੀ ਬੂ ਨਾਲ ਭਰੀ ਰਹਿ ਗਈ। ਅਰਥਾਤ ਜਪ ਤਪ ਸਿਮਰਨ ਦੁਆਰਾ ਉਸ ਨਾਲ ਮਿਲਾਪ ਨਾ ਹੋਇਆ ਤਾਂ ਫੋਕਟ ਕੰਮਾਂ ਦੀ ਖੇਚਲ ਹੀ ਪੱਲੇ ਪਈ, ਪਤੀ ਮਿਲਾਪ ਦੇ ਸੁਖ ਦੀ ਸੁਗੰਧੀ ਪ੍ਰਾਪਤ ਨਾ ਹੋਈ।

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥ ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ**

**ਸੁਕਿ ਗਏ ਕੁਮਲਾਇ ॥ ੩੪ ॥**

ਪਦ ਅਰਥ—ਸਹ-ਮਾਲਕ, ਪਤੀ। ਕਿਤੀ=ਕਿਤਨੇ ਹੀ।

ਅਰਥ—ਮੈਂ ਆਪਣੀ ਜਵਾਨੀ ਚਲੀ ਜਾਣ ਤੋਂ ਨਹੀਂ ਡਰਦੀ, ਜੇਕਰ ਪਤੀ ਪ੍ਰਮਾਤਮਾ ਨਾਲੋਂ ਮੇਰੀ ਪ੍ਰੀਤ ਨਾ ਟੁਟੇ। ਫਰੀਦ ਜੀ ਕਹਿੰਦੇ ਹਨ, ਕਿ ਕਿਤਨੇ ਹੀ ਜੋਬਨ (ਭਰ ਜਵਾਨੀ ਦਾ ਸਮਾਂ) ਪਤੀ (ਪਰਮਾਤਮਾ) ਦੀ ਪ੍ਰੀਤ ਤੋਂ ਬਿਨਾਂ ਸੁੱਕ ਕੇ ਕੁਮਲਾ ਗਏ ਹਨ। ਅਰਥਾਤ ਮਾਲਕ ਦੀ ਪ੍ਰੀਤ ਤੋਂ ਬਿਨਾਂ ਕਈ ਜਵਾਨੀਆਂ ਵਿਅਰਥ ਚਲੀਆਂ ਜਾਂਦੀਆਂ ਹਨ।

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥ ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥ ੩੫ ॥**

SIKHBOOKCLUB.COM

ਪਦ ਅਰਥ—ਖਟੋਲਾ=ਛੋਟੀ ਮੰਜੀ ।ਬਿਰਹਿ=ਵਿਛੋੜੇ ਦਾ ਦੁਖ।

ਅਰਥ—ਹੇ ਫਰੀਦ ! ਚਿੰਤਾ ਮੇਰੀ ਛੋਟੀ ਮੰਜੀ ਹੈ, ਦੁਖ ਉਸਦਾ ਵਾਣ ਹੈ ਅਤੇ ਵਿਛੋੜੇ ਦਾ ਦੁਖ ਮੇਰਾ ਵਿਛਾਉਣਾ ਤੇ ਰਜਾਈ ਹੈ। ਹੇ ਸਚੇ ਮਾਲਕ! ਤੂੰ ਵੇਖ, ਇਸ ਤਰ੍ਹਾਂ ਦਾ ਮੇਰਾ ਜੀਵਨ ਹੈ (ਤੇਰੇ ਤੋਂ ਬਿਨਾਂ)।

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥ ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥ ੩੬ ॥**

ਪਦ ਅਰਥ—ਬਿਰਹਾ=ਵਿਛੋੜਾ। ਸੁਲਤਾਨੁ=ਪਾਤਸ਼ਾਹ!

ਮਸਾਨੁ=ਮੁਰਦੇ ਸਾੜਨ ਦੀ ਥਾਂ।

ਅਰਥ—ਵਿਛੋੜਾ ਵਿਛੋੜਾ ਕਰਕੇ ਹਰ ਕੋਈ ਦੁਖੀ ਹੁੰਦਾ ਹੈ, ਪਰ ਹੇ ਵਿਛੋੜੇ ! ਤੂੰ ਪਾਤਸ਼ਾਹ ਹੈਂ, ਕਿਉਂਕਿ ਫਰੀਦ ਜੀ ਕਹਿੰਦੇ ਹਨ, ਜਿਸ ਸਰੀਰ ਵਿਚ ਵਿਛੋੜੇ ਦਾ ਦੁਖ ਅਨੁਭਵ ਨਹੀਂ ਹੁੰਦਾ ਉਹ ਸਰੀਰ ਸ਼ਮਸ਼ਾਨ ਭੂਮੀ ਦੇ ਬਰਾਬਰ ਹੈ, ਜਿਥੇ ਨਿੱਤ ਹੀ ਅੱਗ ਬਲਦੀ ਰਹਿੰਦੀ ਹੈ।

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥ ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥ ੩੭॥**

ਪਦ ਅਰਥ—ਏ=ਇਹ ਦੁਨੀਆਂ ਦੇ ਪਦਾਰਥ। ਵਿਸੁ = ਜ਼ਹਿਰ ਦੀਆਂ। ਲਿਵਾੜਿ=ਲਬੇੜ ਕੇ। ਰਾਹੇਦੇ=ਬੀਜਦੇ। ਰਾਧੀ =ਬੀਜੀ ਹੋਈ। ਉਜਾੜਿ=ਛੱਡ।

SIKHBOOKCLUB.COM

ਅਰਥ—ਫਰੀਦ ਜੀ ਕਹਿੰਦੇ ਹਨ, ਇਹ ਸੰਸਾਰ ਦੇ ਪਦਾਰਥ ਜ਼ਹਿਰ ਦੀਆਂ ਗੰਦਲਾਂ ਹਨ, ਜੋ ਮੋਹ ਰੂਪੀ ਮਿੱਠੇ ਵਿਚ ਲਿਬੇੜ ਕੇ ਰਖੀਆਂ ਹੋਈਆਂ ਹਨ, ਇਨ੍ਹਾਂ ਪਦਾਰਥਾਂ ਰੂਪੀ ਮਿੱਠੀਆਂ ਗੰਦਲਾਂ ਨੂੰ ਕਈ ਤਾਂ ਬੀਜਦੇ, ਤਿਆਰ ਕਰਦੇ ਹੀ ਮਰ ਗਏ, ਤੇ ਕਈ ਇਕ ਬੀਜੀ ਬਿਜਾਈ ਨੂੰ ਛੱਡ ਕੇ ਤੁਰ ਗਏ।

**ਫਰੀਦਾ ਚਾਰਿ ਗਵਾਇਆ ਹੰਢਿਕੈ ਚਾਰਿ ਗਵਾਇਆ ਸੰਮਿ॥ ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ ੩੮॥**

ਪਦ ਅਰਥ— ਚਾਰਿ=ਚਾਰ ਪਹਿਰ ਦਿਨ ਤੇ ਰਾਤ ਦੇ।

ਸੰਮਿ=ਸੌਂ ਕੇ। ਆਂਹੋ=ਆਇਆ।

ਅਰਥਾਤ-ਹੇ ਫਰੀਦ ! ਦਿਨ ਦੇ ਚਾਰ ਪਹਿਰ ਤੂੰ ਫਿਰ ਤੁਰ ਕੇ ਦੁਨੀਆਂ ਦੇ ਕੰਮਾਂ ਵਿਚ ਗਵਾ ਦਿਤੇ ਤੇ ਰਾਤ ਦੇ ਚਾਰ ਪਹਿਰ ਸੌਂ ਕੇ ਗਵਾ ਦਿਤੇ। ਅੰਤ ਸਮੇਂ ਰੱਬ ਤੇਰੇ ਪਾਸੋਂ ਹਿਸਾਬ ਮੰਗੇਗਾ ਕਿ ਤੂੰ ਦੁਨੀਆਂ ਵਿਚ ਕਿਸ ਕੰਮ ਆਇਆ ਸੀ।

**ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥ ੩੯ ॥**

ਪਦ ਅਰਥ—ਦਰਿ ਦਰਵਾਜੈ=ਦਰਵਾਜ਼ੇ ਦੇ ਬੂਹੇ ਤੇ। ਕਿਉ=ਕੀ ? ਨਿਦੋਸਾਂ=ਕਿਸੇ ਦੋਸ਼ ਤੋਂ ਬਿਨਾਂ।

SIKHBOOKCLUB.COM

ਅਰਥ—ਹੇ ਫਰੀਦ ! ਤੂੰ ਕਿਸੇ ਦਰਵਾਜ਼ੇ ਦੇ ਬੂਹੇ ਤੇ ਅਗੇ ਜਾ ਕੇ ਘੜਿਆਲ ਵਜਦਾ ਵੇਖਿਆ ਏ ? ਜਦ ਇਹ ਵਿਚਾਰਾ ਘੜਿਆਲ ਬੇਗੁਨਾਹ ਹੀ ਮਾਰ ਖਾਂਦਾ ਹੈ ਤਾਂ ਫਿਰ ਸਾਡਾ ਦੋਸ਼ੀਆਂ ਦਾ ਕੀ ਹਾਲ ਹੋਵੇਗਾ ? ਦੋਸ਼ੀਆਂ ਨੂੰ ਬਹੁਤ ਮਾਰ ਪਵੇਗੀ।

**ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ॥ ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ॥ ੪੦॥**

ਪਦ ਅਰਥ—ਪਹਰੀ=ਹਰ ਇਕ ਪਹਿਰ ਪਿਛੋਂ। ਸੋ=ਉਹ। ਹੇੜਾ=ਸਰੀਰ ਜਿਹੜਾ ਗੁਨਾਹਕਾਰ ਹੈ। ਡੁਖੀ=ਦੁਖਾਂ ਵਿਚ ਹੀ।

ਅਰਥ— ਘੜਿਆਲ ਨੂੰ ਘੜੀ ਘੜੀ ਪਿਛੋਂ ਮਾਰ ਪੈਂਦੀ ਹੈ ਅਤੇ ਪਹਿਰ ਪਿਛੋਂ ਇਹ ਸਜ਼ਾ ਮਿਲਦੀ ਹੈ। ਉਹ ਸਰੀਰ ਵੀ ਜਿਹੜਾ ਦੋਸ਼ੀ

ਹੈ, ਘੜੀਆਲ ਵਾਂਗੂੰ ਆਪਣੀ ਉਮਰ ਰੂਪੀ ਰਾਤ ਨੂੰ ਇਸ ਤਰ੍ਹਾਂ ਮਾਰ ਖਾਂਦਾ ਹੋਇਆ ਦੁਖਾਂ ਵਿਚ ਹੀ ਬਤੀਤ ਕਰ ਦੇਂਦਾ ਹੈ।

**ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥੪੧॥**

ਅਰਥ—ਸ਼ੇਖ ਫਰੀਦ ਹੁਣ ਬੁੱਢਾ ਹੋ ਗਿਆ ਹੈ, ਉਸ ਦਾ ਸਰੀਰ ਬੁਢਾਪੇ ਦੀ ਕਮਜ਼ੋਰੀ ਕਰਕੇ ਕੰਬਣ ਲੱਗ ਪਿਆ ਹੈ। ਸ਼ੇਖ ਜੀ ਕਹਿੰਦੇ ਹਨ ਕਿ ਜੇਕਰ ਇਕ ਸੌ ਵਰ੍ਹਾ ਵੀ ਹੋਰ ਜੀਉਣਾ ਮਿਲ ਜਾਏ ਤਾਂ ਵੀ ਅੰਤ ਨੂੰ ਇਸ ਸਰੀਰ ਨੇ ਮਿਟੀ ਹੀ ਹੋਣਾ ਹੈ (ਕਬਰ ਵਿਚ ਪੈ ਕੇ)।

SIKHBOOKCLUB.COM

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥੪੨॥**

ਪਦ ਅਰਥ— ਬਾਰਿ=ਬੂਹੇ। ਬੈਸਣਾ=ਬੈਠਣਾ। ਏਵੈ=ਇਸ ਤਰ੍ਹਾਂ (ਦੂਸਰਿਆਂ ਦੇ ਦਰ ਤੇ ਬੈਠਣਾ)।

ਅਰਥ— ਫਰੀਦ ਜੀ ਕਹਿੰਦੇ ਹਨ- ਰੱਬ ਮੈਨੂੰ ਪਰਾਏ ਬੂਹੇ ਤੇ ਬੈਠਣਾ ਨਾ ਦੇਵੇ, ਅਰਥਾਤ ਕਿਸੇ ਦਾ ਮੁਥਾਜ ਨਾ ਕਰੇ। ਪਰ ਜੇਕਰ ਇਸ ਤਰ੍ਹਾਂ ਪਰਾਏ ਬੂਹੇ ਜੋਗਾ ਹੀ ਮੈਨੂੰ ਰੱਖਣਾ ਹੈ, ਤਾਂ ਚੰਗਾ ਇਹ ਹੈ ਕਿ ਮੇਰੀ ਜਿੰਦ ਕੱਢ ਲਏ।

**ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ**

**ਲੋਹਾਰੁ ॥ ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥ ੪੩ ॥**

ਪਦ ਅਰਥ— ਕੰਧਿ=ਕੰਧੇ, ਮੋਢੇ ਤੇ। ਵਣਿ=ਜੰਗਲ ਵਿਚ। ਅੰਗਿਆਰ=ਕੋਲੇ।

ਅਰਥ— ਫਰੀਦ ਜੀ ਲੁਹਾਰ ਨੂੰ ਕਹਿੰਦੇ ਹਨ ਕਿ ਤੂੰ ਮੋਢੇ ਤੇ ਕੁਹਾੜਾ ਅਤੇ ਸਿਰ ਤੇ ਪਾਣੀ ਦਾ ਘੜਾ ਰੱਖ ਕੇ ਫਿਰ ਰਿਹਾ ਹੈਂ। ਮੈਂ ਆਪਣੇ ਮਾਲਕ ਨੂੰ ਲੱਭ ਰਿਹਾ ਹਾਂ ਅਤੇ ਤੂੰ ਕੋਲੇ ਲੱਭ ਰਿਹਾ ਹੈਂ। ਜੰਗਲ ਵਿਚ ਦੋਵੇਂ ਹੀ ਫਿਰ ਰਹੇ ਹਨ-ਇਕ ਆਪਣੇ ਪ੍ਰਭੂ ਨੂੰ ਮਿਲਣ ਵਾਸਤੇ ਅਤੇ ਦੂਜਾ ਬ੍ਰਿੱਛ ਵੱਢ ਕੇ ਉਨ੍ਹਾਂ ਨੂੰ ਸਾੜਕੇ ਕੋਲੇ ਬਣਾਉਣ ਵਾਸਤੇ। ਇਸ ਤਰ੍ਹਾਂ ਹੀ ਸੰਸਾਰ ਵਿਚ ਕੋਈ ਆਪਣੇ ਜੀਵਨ ਉਧਾਰ ਦੇ ਕੰਮਾਂ ਵਿਚ ਲੱਗਾ ਰਹਿੰਦਾ ਹੈ ਤੇ ਕੋਈ ਪਦਾਰਥਾਂ ਦੀ ਪਕੜ ਵਿਚ।

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥ ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥ ੪੪ ॥**

ਪਦ ਅਰਥ— ਅਗਲਾ=ਬਹੁਤਾ। ਲੋਣੁ=ਲੂਣ। ਸਿੰਞਾਪਸਨਿ =ਪਛਾਣੇ ਜਾਣਗੇ। ਖਾਸੀ=ਖਾਏਗਾ।

ਅਰਥ— ਹੇ ਫਰੀਦ ! ਕਈਆਂ ਪਾਸ ਤਾਂ ਬਹੁਤ (ਲੋੜ ਤੋਂ ਵਧ) ਆਟਾ ਹੈ, ਕਈਆਂ ਪਾਸ ਮਾਮੂਲੀ ਲੂਣ ਨਹੀਂ ਹੈ। ਪਰ ਅਗੇ ਪ੍ਰਲੋਕ ਵਿਚ ਜਾ ਕੇ ਪਛਾਣਿਆ ਜਾਏਗਾ ਕਿ ਮਾਰ ਕੌਣ ਖਾਂਦਾ ਹੈ, ਬਹੁਤੇ ਆਟੇ ਵਾਲਾ ਕਿ ਜਿਸ ਪਾਸ ਆਟੇ ਵਿਚ ਪਾਉਣ ਲਈ

ਚੁਟਕੀ ਲੂਣ ਵੀ ਨਹੀਂ ਹੈ।

**ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥ ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥੪੫॥**

ਪਦ ਅਰਥ—ਦਮਾਮੇ=ਧੌਂਸੇ। ਛਤੁ=ਛੱਤ੍ਰ। ਭੇਰੀ= ਤੂਤੀਆਂ। ਸਡੋ=ਸਦ, ਮਹਿਮਾ। ਰਡ=ਭੱਟ, ਕੀਰਤੀ ਕਰਨ ਵਾਲੇ। ਜੀਰਾਣ=ਮੜ੍ਹੀਆਂ। ਅਤੀਮਾ=ਯਤੀਮ। ਥੀਏ ਗਡ=ਰਲ ਗਏ।

ਅਰਥ—ਜਿਨ੍ਹਾਂ ਪਾਸ ਧੌਂਸੇ ਵਜਦੇ, ਸਿਰ ਤੇ ਛੱਤ੍ਰ ਝੁਲਦੇ, ਤੂਤੀਆਂ ਵਾਜੇ ਵਜਦੇ ਅਤੇ ਭੱਟ ਮਹਿਮਾ ਗਾਉਂਦੇ ਸਨ, ਆਖਰ ਨੂੰ ਉਹ ਮੜ੍ਹੀਆਂ ਤਥਾ ਕਬਰਾਂ ਵਿਚ ਜਾ ਸੁੱਤੇ ਅਤੇ ਯਤੀਮਾਂ ਨਿਆਸਰਿਆਂ ਵਿਚ ਜਾ ਰਲੇ।

SIKHBOOKCLUB.COM

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥੪੬॥**

ਪਦ ਅਰਥ—ਮੰਡਪ=ਮਹਿਲ ਮਾੜੀਆਂ।

ਅਰਥ—ਹੇ ਫਰੀਦਾ ! ਸਾਧਾਰਨ ਘਰ ਅਤੇ ਮਹਿਲ ਮਾੜੀਆਂ ਉਸਾਰਨ ਵਾਲੇ ਵੀ ਚਲੇ ਗਏ ਅਤੇ ਉਹ ਦੁਨੀਆਂ ਵਿਚ ਝੂਠਾ (ਨਾਲ ਨਾ ਨਿਭਣ ਵਾਲਾ) ਸੌਦਾ ਕਰਦੇ ਹੋਏ ਕਬਰਾਂ ਵਿਚ ਜਾ ਪਏ।

**ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ**

**ਨ ਕਾਈ ਮੇਖ॥ ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥੪੭॥**

ਪਦ ਅਰਥ—ਖਿੰਥੜਿ=ਗੋਦੜੀ। ਮੇਖਾ=ਟਾਕੀਆਂ। ਅਗਲੀਆ=ਬਹੁਤ। ਮਸਾਇਕ=ਸ਼ੇਖ ਦਾ ਬਹੁ ਵਚਨ, ਸੂਫੀ ਫਕੀਰ। ਸੇਖ=ਵਿਦਵਾਨ।

ਅਰਥ—ਫਰੀਦ ਜੀ ਕਹਿੰਦੇ ਹਨ, ਗੋਦੜੀ ਰੂਪੀ ਸਰੀਰ ਨੂੰ ਬਹੁਤ ਟਾਕੀਆਂ ਜੋੜ ਹਨ। ਪਰ ਜਿੰਦ ਨੂੰ ਕੋਈ ਜੋੜ ਟਾਕੀ ਨਹੀਂ ਹੈ ਆਪੋ ਆਪਣੀ ਵਾਰੀ ਸਿਰ ਅਗੇ ਪਿਛੇ ਸਭ ਵੱਡੇ ਛੋਟੇ ਗਿਆਨਵਾਨ ਤਥਾ ਬੰਦਗੀ ਕਰਨ ਵਾਲੇ ਸਭ ਏਥੋਂ ਚਲੇ ਗਏ।

**ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥ ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥੪੮॥**

ਪਦ ਅਰਥ—ਦੁਹੁ ਦੀਵੀ=ਦੋ ਦੀਵੀਆਂ (ਅੱਖਾਂ) ਦੇ। ਮਲਕੁ=ਮੌਤ ਦਾ ਫਰਿਸ਼ਤਾ ਜਮ। ਗੜੁ=ਸਰੀਰ ਰੂਪ ਕਿਲ੍ਹਾ। ਘਟੁ=ਹਿਰਦਾ, ਅੰਤਹਿਕਰਨ।

ਅਰਥ—ਹੇ ਫ਼ਰੀਦ ! ਦੋ ਅੱਖਾਂ ਦੇ ਦੀਵਿਆਂ ਦੇ ਜਗਦਿਆਂ ਹੀ ਜਮ ਆ ਬੈਠਾ। ਉਸ ਨੇ ਆਣ ਕੇ ਸਰੀਰ ਰੂਪੀ ਕਿਲ੍ਹੇ ਨੂੰ ਮਲ ਲਿਆ ਅਤੇ ਅੰਦਰੋਂ ਜੀਵ ਸ਼ਕਤੀ ਨੂੰ ਲੁਟ (ਕਾਬੂ ਕਰ) ਲਿਆ ਤੇ ਦੋਹਾਂ ਦੀਵਿਆਂ ਨੂੰ ਬੁਝਾ ਗਿਆ। ਅਰਥਾਤ ਸਰੀਰ ਨੂੰ ਨਿਢਾਲ ਕਰਕੇ ਜਿੰਦ ਕੱਢ ਕੇ ਅੱਖਾਂ ਦੀ ਰੌਸ਼ਨੀ ਬੰਦ ਕਰ ਗਿਆ।

**ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ**

SIKHBOOKCLUB.COM

**ਥੀਆ ਤਿਲਾਹ ॥ ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥ ੪੯ ॥**

ਪਦ ਅਰਥ—ਜਿ ਥੀਆ=ਜੋ ਹੋਇਆ। ਤਿਲਾਹ=ਤਿਲਾਂ ਦੇ। ਕਾਗਦੈ=ਕਾਗਜ਼। ਕੁੰਨੇ=ਮਿੱਟੀ ਦੀ ਹਾਂਡੀ, ਤੌੜੀ।

ਅਰਥ—ਹੇ ਫਰੀਦ ! ਵੇਖ ਕਪਾਹ ਨਾਲ ਕੀ ਹੋਇਆ, ਕੀ ਬੀਤੀ ਕਿ ਝਮਣੀਆਂ ਨਾਲ ਝੰਬ ਝੰਬ ਕੇ ਸਾਫ ਕੀਤੀ। ਫਿਰ ਵੇਲਨੇ ਵਿਚ ਵੇਲਕੇ ਰੂੰ ਤੇ ਵੜੇਵੇਂ ਅੱਡ ਅੱਡ ਕੀਤੇ ਜਾਂਦੇ ਹਨ। ਤਿਲਾਂ ਨੂੰ ਕੋਹਲੂ ਵਿਚ ਪਾ ਕੇ ਪੀੜ ਕੇ ਤੇਲ ਕਢਿਆ ਜਾਂਦਾ ਹੈ। ਕਮਾਦ ਦੇ ਗੰਨਿਆਂ ਨੂੰ ਵੇਲਣੇ ਵਿਚ ਦੇ ਕੇ ਉਨ੍ਹਾਂ ਨੂੰ ਪੀੜ ਕੇ ਰਹੁ ਕੱਢੀ ਜਾਂਦੀ ਹੈ, ਕਾਗਜ਼ ਨੂੰ ਮੂੰਗਲੀਆਂ ਨਾਲ ਕੁਟ ਕੁਟ ਕੇ (ਅਜ ਕਲ੍ਹ ਮਸ਼ੀਨ ਦੇ ਵੇਲਣੇ ਵਿਚ ਦੇ ਕੇ) ਸਾਫ ਪੱਧਰਾ ਕੀਤਾ ਜਾਂਦਾ ਹੈ। ਹਾਂਡੀ ਨੂੰ ਬਾਰੰਬਾਰ ਅੱਗ ਤੇ ਰੱਖ ਕੇ ਉਸ ਵਿਚ ਖਾਣਾ ਪਕਾਇਆ ਜਾਂਦਾ ਹੈ, ਕੋਲਿਆਂ ਨੂੰ ਪਹਿਲਾਂ ਲੱਕੜਾਂ ਨੂੰ ਸਾੜ ਕੇ ਬਣਾਇਆ, ਫਿਰ ਭੱਠੀ ਵਿਚ ਅੱਗ ਬਾਲਣ ਵਾਸਤੇ ਬਾਲਿਆ ਜਾਂਦਾ ਹੈ। ਸੋ ਫਰੀਦ ਜੀ ਕਹਿੰਦੇ ਹਨ ਕਿ ਜਿਹੜੇ ਲੋਕ ਮਾੜੇ ਕੰਮ ਕਰਦੇ ਹਨ, ਉਨ੍ਹਾਂ ਨੂੰ ਐਸੀਆਂ ਸਖਤ ਸਜ਼ਾਵਾਂ ਮਿਲਦੀਆਂ ਹਨ।

**ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥ ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥ ੫੦ ॥**

ਪਦ ਅਰਥ—ਕੰਨਿ=ਕੰਧ (ਮੋਢੇ) ਤੇ। ਸੂਫੁ=ਕਾਲਾ ਚੋਗਾ,

ਖਫਨੀ। ਕਾਤੀ=ਕੈਂਚੀ। ਵਾਤਿ=ਮੂੰਹ ਵਿਚ।

ਅਰਥ—ਫਰੀਦ ਜੀ ਕਹਿੰਦੇ ਹਨ, ਮੋਢੇ ਤੇ ਮੁਸੱਲਾ (ਉਹ ਕਪੜਾ ਜਾਂ ਫੂਹੜੀ ਜਿਸ ਉਤੇ ਖੜੇ ਹੋ ਕੇ ਮੁਸਲਮਾਨ ਨਿਮਾਜ਼ ਪੜ੍ਹਦੇ ਹਨ) ਹੈ, ਗਲ ਵਿਚ ਕਾਲੀ ਖਫਨੀ। ਕਾਲਾ ਲੰਮਾ ਪੈਰਾਂ ਤੱਕ ਚੋਲਾ ਹੈ, ਦਿਲ ਵਿਚ ਕੈਂਚੀ ਹੈ ਅਤੇ ਮੂੰਹ ਵਿਚ ਗੁੜ ਹੈ। ਭਾਵ ਹੈ ਬਾਹਰਲਾ ਪਹਿਰਾਵਾ ਬੜਾ ਮਹਾਤਮਾ, ਸੂਫੀਆਂ ਵਾਲਾ ਬਣਾਇਆ ਹੋਇਆ ਹੈ, ਮੂੰਹ ਦੇ ਬੋਲ ਬੜੇ ਮਿੱਠੇ ਹਨ, ਇਹ ਸਭ ਕੁਛ ਹੋਣ ਦੇ ਨਾਲ ਅੰਦਰੋਂ ਕੈਂਚੀ ਚਲਦੀ ਹੈ, ਅਰਥਾਤ ਖੋਟੇ ਵੀਚਾਰਾਂ ਤਥਾ ਖੋਟੇ ਕੰਮਾਂ ਦੀ ਭਰਮਾਰ ਹੈ। ਇਸ ਤਰ੍ਹਾਂ ਬਾਹਰੋਂ ਤਾਂ ਬੜਾ ਚਾਨਣ (ਉੱਤਮ ਪੁਰਸ਼) ਦਿਸ ਰਿਹਾ ਹੈ ਪਰ ਅੰਦਰੋਂ ਕਾਲੀ ਰਾਤ ਵਾਂਗੂੰ ਕਾਲਾ (ਅਤਿ ਮੰਦਾ ਪੁਰਸ਼) ਹੈ।

**ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥ ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥੫੧॥**

SIKHBOOKCLUB.COM

ਪਦ ਅਰਥ—ਰਤੁ=ਲਹੂ। ਰਤੇ=ਰੰਗੇ ਹੋਏ।

ਅਰਥ—ਹੇ ਫਰੀਦਾ ! ਜੇਕਰ ਕੋਈ ਉਨ੍ਹਾਂ ਦਾ ਸਰੀਰ ਚੀਰ ਦੇਵੇ ਤਾਂ ਉਸ ਵਿਚੋਂ ਇਕ ਰਤੀ ਭਰ ਵੀ ਲਹੂ ਨਹੀਂ ਨਿਕਲਦਾ ਕਿਉਂਕਿ ਜਿਹੜੇ ਸਰੀਰ ਰੱਬ ਦੇ ਪ੍ਰੇਮ ਵਿਚ ਰੰਗੇ ਹੁੰਦੇ ਹਨ, ਉਨ੍ਹਾਂ ਦੇ ਸਰੀਰ ਵਿਚ ਲਹੂ ਨਹੀਂ ਹੁੰਦਾ।

(ਸ੍ਰੀ ਗੁਰੂ ਅਮਰਦਾਸ ਜੀ ਵਲੋਂ ਉਪਰਲੇ ਸਲੋਕ ਦਾ ਸਪਸ਼ਟੀਕਰਨ)

**ਮ: ੩ ॥(ੳ) ਇਹੁ ਤਨੁ ਸਭੋ ਰਤੁ ਹੈ ਰਤੁ**

**ਬਿਨੁ ਤੰਨੁ ਨ ਹੋਇ॥ ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥**

**(ਅ) ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥ਜਿਉ ਬੈਸੰਤਰਿ ਧਾਤੁ ਸੁਧੁ ਹੋਇ॥**

**ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ॥ ੫੨॥**

ਪਦ ਅਰਥ—ਸਹ=ਖਸਮ, ਮਾਲਕ। ਖੀਣੁ=ਕਮਜ਼ੋਰ। ਬੈਸੰਤਰਿ=ਅੱਗ ਵਿਚ। ਦੁਰਮਤਿ=ਖੋਟੀ ਮੱਤ ਦੀ।

SIKHBOOKCLUB.COM

ਅਰਥ (ੳ) ਇਹ ਸਰੀਰ ਸਾਰਾ ਹੀ ਲਹੂ ਹੈ, ਲਹੂ ਤੋਂ ਬਿਨਾਂ ਸਰੀਰ ਨਹੀਂ ਹੁੰਦਾ। ਜਿਹੜੇ ਆਪਣੇ ਮਾਲਕ ਦੇ ਪਿਆਰ ਵਿਚ ਰੰਗੇ ਹੋਏ ਹਨ, ਉਨ੍ਹਾਂ ਦੇ ਸਰੀਰ ਵਿਚ ਲੋਭ ਰੂਪ ਲਹੂ ਨਹੀਂ ਹੁੰਦਾ।

(ਅ) ਪਰਮਾਤਮਾ ਦੇ ਭੈ ਵਿਚ ਰਹਿਣ ਨਾਲ ਸਰੀਰ ਲਿੱਸਾ ਤੇ ਕਮਜ਼ੋਰ ਹੋ ਜਾਂਦਾ ਹੈ, ਜਿਸ ਨਾਲ ਲੋਭ ਰੂਪ ਲਹੂ ਸਰੀਰ ਵਿਚੋਂ ਨਿਕਲ ਜਾਂਦਾ ਹੈ, ਜਿਸ ਤਰ੍ਹਾਂ ਕਿ ਅੱਗ ਨਾਲ ਸੋਨਾ ਆਦਿ ਸਾਫ ਹੋ ਜਾਂਦਾ ਹੈ।

ਤਿਵੇਂ ਹੀ ਪ੍ਰਮਾਤਮਾ ਦਾ ਡਰ ਖੋਟੀ ਮੱਤ ਨੂੰ ਦੂਰ ਕਰ ਦੇਂਦਾ ਹੈ। ਗੁਰੂ ਅਮਰਦਾਸ ਜੀ ਕਥਨ ਕਰਦੇ ਹਨ ਕਿ ਉਹ ਸੋਹਣੇ ਹਨ, ਜਿਹੜੇ ਪ੍ਰਮਾਤਮਾ ਨਾਲ ਪ੍ਰੇਮ ਲਾ ਕੇ ਉਸ ਦੇ ਪ੍ਰੇਮ ਵਿਚ ਰੰਗੇ ਹੋਏ ਹਨ।

**ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥ ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ ੫੩ ॥**

ਪਦ ਅਰਥ—ਸਰਵਰੁ=ਸਰੋਵਰ, ਤਲਾਬ। ਵਥੁ=ਚੀਜ਼।

ਅਰਥ—ਫਰੀਦ ਜੀ ਕਹਿੰਦੇ ਹਨ, ਉਹੋ ਜਿਹਾ ਤਲਾਬ ਲੱਭੋ ਜਿਥੋਂ ਲੋੜਵੰਦੀ ਚੀਜ਼ ਲਭ ਪਵੇ। ਕਿਉਂਕਿ ਛੱਪੜ ਵਿਚ ਲੱਭਣ ਕਰਕੇ ਕੀ ਹੋਵੇਗਾ, ਉਥੇ ਤਾਂ ਚਿੱਕੜ ਵਿਚ ਹੱਥ ਹੀ ਡੁਬੇਗਾ (ਭਰੇਗਾ)।

**ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥ ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥ ੫੪ ॥**

SIKHBOOKCLUB.COM

ਪਦ ਅਰਥ—ਨੰਢੀ-ਜਵਾਨੀ ਸਮੇਂ। ਰਾਵਿਓ=ਮਾਣਿਆ। ਵਡੀ ਥੀ=ਬੁੱਢੇ ਹੋ ਕੇ। ਧਨ=ਇਸਤਰੀ। ਗੋਰ=ਕਬਰ। ਨਾ ਮਿਲੀਆਸੁ=ਨਾ ਮਿਲੀ।

ਅਰਥ—ਫਰੀਦ ਜੀ ਕਹਿੰਦੇ ਹਨ ਜਦ ਇਸਤਰੀ ਨੇ ਜਵਾਨੀ ਸਮੇਂ ਪਤੀ ਦਾ ਸੁਖ ਨਾ ਮਾਣਿਆ ਅਤੇ ਬੁੱਢੀ ਹੋ ਕੇ ਮਰ ਗਈ ਤਾਂ ਉਹ ਇਸਤਰੀ ਕਬਰ ਵਿਚ ਤਰਲੇ ਲੈਂਦੀ ਹੈ ਕਿ ਹੇ ਪਤੀ! ਮੈਂ ਤੈਨੂੰ (ਜਵਾਨੀ ਸਮੇਂ) ਨਾ ਮਿਲੀ। ਅਰਥਾਤ ਜਿਸ ਨੇ ਜਵਾਨੀ ਸਮੇਂ ਸਿਮਰਨ ਨਾ ਕੀਤਾ ਅਤੇ ਜਦ ਬੁੱਢੀ ਉਮਰ ਵਿਚ ਹੱਥ ਪੈਰ ਰਹਿ ਗਏ ਤਾਂ ਫਿਰ ਅੰਤ ਸਮਾਂ ਨੇੜੇ ਵੇਖ ਕੇ ਪਸਚਾਤਾਪ ਕਰਨ ਲੱਗਾ ਕਿ ਮੈਂ ਸਮੇਂ ਸਿਰ ਪ੍ਰਭੂ ਨੂੰ ਯਾਦ ਕਿਉਂ ਨਾ ਕੀਤਾ।

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ॥ ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥ ੫੫ ॥**

ਪਦ ਅਰਥ—ਪਲਿਆ=ਚਿੱਟਾ ਹੋ ਗਿਆ। ਗਹਿਲੇ ਬਾਵਲੇ=ਗਾਫਲ ਤੇ ਕਮਲੇ। ਰਲੀਆਂ=ਖੁਸ਼ੀਆਂ।

ਅਰਥ—ਹੇ ਫਰੀਦ! ਸਿਰ ਚਿੱਟਾ ਹੋ ਗਿਆ, ਦਾੜ੍ਹੀ ਚਿੱਟੀ ਹੋ ਗਈ ਹੈ ਅਤੇ ਮੁੱਛਾਂ ਵੀ ਚਿੱਟੀਆਂ ਹੋ ਗਈਆਂ ਹਨ। ਪਰ ਹੇ ਗਾਫਲ ਤੇ ਕਮਲੇ ਮਨ! ਤੂੰ ਖੁਸ਼ੀਆਂ ਕੀ ਮਨਾ ਰਿਹਾ ਹੈਂ?

**ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ॥ ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥ ੫੬ ॥**

ਪਦ ਅਰਥ—ਧੁਕਣੁ=ਭੱਜਣਾ। ਕੇਤੜਾ=ਕਿੰਨਾ ਕੁ। ਨਿਵਾਰਿ=ਦੂਰਿ ਕਰ। ਦਿਹ=ਦਿਨ। ਲਧੇ=ਲਭੇ ਹਨ। ਗਾਣਵੇ =ਗਿਣਤੀ ਦੇ। ਵਿਲਾੜਿ ਵਿਲਾੜਿ=ਦੌੜ ਦੌੜ ਕੇ।

ਅਰਥ—ਹੇ ਫਰੀਦ ! ਕੋਠੇ ਉਤੇ ਦੌੜਨਾ ਕਿਤਨਾ ਕੁ ਹੋ ਸਕਦਾ ਹੈ? ਪਰਮਾਤਮਾ ਵਲੋਂ ਨੀਂਦ ਨੂੰ ਦੂਰ ਕਰ ਦੇਹ। (ਇਹ ਜੀਵਨ ਥੋੜ੍ਹਾ ਹੀ ਹੈ)। ਪਰਮਾਤਮਾ ਦੇ ਪਾਸੇ ਵਲੋਂ ਸੌਂ ਨਾ ਰਹੋ, ਸਾਵਧਾਨ ਹੋ ਕੇ ਨਾਮ ਜਪ)। ਜਿਹੜੇ ਦਿਨ (ਉਮਰ ਦੇ) ਤੈਨੂੰ ਗਿਣਤੀ ਦੇ ਮਿਲੇ ਹੋਏ ਨੇ, ਉਹ ਦੌੜਦੇ (ਮੁਕਦੇ) ਜਾ ਰਹੇ ਹਨ।

**ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ**

**ਲਾਏ ਚਿਤੁ॥ ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥੫੭॥**

ਪਦ ਅਰਥ—ਮੰਡਪ=ਮਹਿਲ। ਏਤੁ=ਇਨ੍ਹਾਂ ਨਾਲ। ਅਤੋਲਵੀ=ਬਹੁਤ।

**ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥ ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ॥੫੮॥**

ਪਦ ਅਰਥ— ਮਾਲੁ=ਧਨ। ਮਰਗ=ਮੌਤ। ਸਤਾਣੀ= ਤਾਣ (ਬਲ) ਵਾਲੀ। ਸਾਈ=ਉਹੀ। ਜਾਇ=ਥਾਂ। ਸਮ੍ਹਾਲਿ= ਯਾਦ ਰੱਖ। ਵੰਞਣਾ=ਜਾਣਾ ਹੈ।

SIKHBOOKCLUB.COM

ਅਰਥ—ਹੇ ਫਰੀਦ ! ਮਹਿਲ ਮਾੜੀਆਂ ਤੇ ਧਨ ਨਾਲ ਹੀ ਚਿੱਤ ਨਾ ਲਾ ਛਡ, ਬਲਵਾਨ ਮੌਤ ਨੂੰ ਵੀ ਚੇਤੇ ਰੱਖ। ਉਹ ਥਾਂ ਵੀ ਯਾਦ ਰੱਖ, ਜਿਥੇ ਤੂੰ ਅਖੀਰ ਨੂੰ ਜਾਣਾ ਹੈ।

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥੫੯॥**

ਪਦ ਅਰਥ—ਥੀਵਹੀ=ਹੋਵੇਂ। ਸਾਂਈ=ਪ੍ਰਮਾਤਮਾ।

ਅਰਥ—ਹੇ ਫਰੀਦ ! ਜਿਨ੍ਹਾਂ ਕੰਮਾਂ ਵਿਚ ਕੋਈ ਲਾਭ ਨਹੀਂ ਹੈ, ਉਨ੍ਹਾਂ ਕੰਮਾਂ ਨੂੰ ਭੁਲਾ ਦੇਹ, ਮਤਾ ਪਰਮਾਤਮਾ ਦੇ ਦਰਬਾਰ ਵਿਚ ਸ਼ਰਮਿੰਦਾ ਹੋਵੇਂ।

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥ ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥੯੦॥**

ਪਦ ਅਰਥ—ਸਾਹਿਬ=ਮਾਲਕ, ਪ੍ਰਮਾਤਮਾ। ਚਾਕਰੀ = ਨੌਕਰੀ, ਸੇਵਾ, ਬੰਦਗੀ। ਭਰਾਂਦਿ=ਭੁਲੇਖਾ, ਭਰਮ, ਸੰਸਾ। ਦਰਵੇਸਾਂ = ਫਕੀਰਾਂ। ਜੀਰਾਂਦਿ=ਧੀਰਜ, ਜਿਗਰਾ, ਹੌਸਲਾ।

ਅਰਥ—ਹੇ ਫਰੀਦ! ਪ੍ਰਮਾਤਮਾ ਦੀ ਬੰਦਗੀ ਕਰ, ਦਿਲ ਦਾ ਭੁਲੇਖਾ ਦੂਰ ਕਰ ਦੇਹ ਕਿ ਮਹਿਲ ਮਾੜੀਆਂ ਤੇਰਾ ਸਾਥ ਦੇਣਗੀਆਂ। ਫਕੀਰਾਂ ਨੂੰ ਰੁਖਾਂ ਵਰਗੀ ਧੀਰਜ ਧਾਰਨੀ ਚਾਹੀਦੀ ਹੈ, ਭਾਵੇਂ ਕੋਈ ਕੁਹਾੜੇ ਮਾਰੇ ਤੇ ਭਾਵੇਂ ਪਾਣੀ ਪਾਵੇ, ਉਹ ਇਕ ਬਰਾਬਰ ਹੀ ਰਹਿੰਦੇ ਹਨ।

SIKHBOOKCLUB.COM

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥ ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੯੧॥**

ਪਦ ਅਰਥ—ਮੈਡੇ=ਮੇਰੇ। ਗੁਨਹੀ=ਗੁਨਾਹ (ਪਾਪਾਂ) ਦਾ। ਵੇਸੁ=ਪਹਿਰਾਵਾ। ਦਰਵੇਸੁ=ਫਕੀਰ ਮਹਾਤਮਾ।

ਅਰਥ—ਹੇ ਫਰੀਦ! ਮੇਰੇ ਕਪੜੇ ਕਾਲੇ ਹਨ ਅਤੇ ਮੇਰਾ ਭੇਸ ਵੀ ਕਾਲਾ ਹੈ। ਮੈਂ ਗੁਨਾਹ (ਪਾਪਾਂ) ਨਾਲ ਭਰਿਆ ਫਿਰਦਾ ਹਾਂ, ਪਰ ਲੋਕ ਮੈਨੂੰ ਮਹਾਤਮਾ ਕਹਿੰਦੇ ਹਨ।

**ਤਤੀ ਤੋਇ ਨ ਪਲਵੈ ਜੇ ਜਲਿ ਟੁਬੀ**

**ਦੇਇ॥ ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥੬੨॥**

ਪਦ ਅਰਥ—ਤਤੀ ਤੋਇ=ਪਾਣੀ ਨਾਲ ਸੜੀ (ਗਲੀ) ਹੋਈ। ਪਲਵੈ=ਪਲਰਦੀ, ਵਧਦੀ, ਫੁਲਦੀ। ਜਲਿ=ਪਾਣੀ ਵਿਚ। ਡੋਹਾਗਣਿ=ਛੁੱਟੜ, ਵਿਛੜੀ ਹੋਈ। ਝੂਰੇਦੀ ਝੂਰੇਇ=ਝੂਰਦੀ (ਪਸਚਾਤਾਪ ਕਰਦੀ) ਰਹਿੰਦੀ ਹੈ।

ਅਰਥ—ਹੇ ਫਰੀਦ! ਪਾਣੀ ਵਿਚ ਸੜੀ ਹੋਈ (ਖੇਤੀ ਫਿਰ) ਹਰੀ ਨਹੀਂ ਹੁੰਦੀ, ਭਾਵੇਂ ਉਸਨੂੰ ਪਾਣੀ ਵਿਚ ਡੁਬੋ ਦੇਈਏ। ਇਸ ਤਰ੍ਹਾਂ ਹੀ ਜਿਹੜੀ ਜੀਵ ਰੂਪੀ ਇਸਤ੍ਰੀ ਰੱਬ ਤੋਂ ਵਿਛੜੀ ਹੋਈ ਹੈ, ਉਹ ਸਦਾ ਦੁਖੀ (ਝੂਰਦੀ) ਰਹਿੰਦੀ ਹੈ। (ਭਾਵੇਂ ਉਹ ਕਿਤਨਾ ਹੀ ਸਤਿਸੰਗ ਅਤੇ ਹੋਰ ਕਿਤਨੇ ਸਾਧਨ ਕਰੇ)।

SIKHBOOKCLUB.COM

**ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥ ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥੬੩॥**

ਪਦ ਅਰਥ—ਮਾਮਲੇ=ਧੰਧੇ। ਵਤਿ=ਫਿਰ ਮੁੜ। ਥੀਐ=ਹੁੰਦੀ।

ਅਰਥ—ਜਦ ਇਸਤ੍ਰੀ (ਕੁਆਰੀ ਅਣਵਿਆਹੀ) ਸੀ ਤਾਂ ਉਸ ਨੂੰ ਵਿਆਹ ਦਾ ਚਾਅ ਸੀ, ਪਰ ਜਦ ਵਿਆਹੀ ਗਈ ਤਾਂ ਘਰ ਦੇ ਧੰਧੇ ਪੈ ਗਏ। ਫਰੀਦ ਜੀ ਕਹਿੰਦੇ ਹਨ, ਫਿਰ ਉਸ ਨੂੰ ਏਹੀ ਪਛਤਾਵਾ ਹੁੰਦਾ ਹੈ ਕਿ ਉਹ ਫਿਰ ਕੁਆਰੀ ਨਹੀਂ ਹੋ ਸਕਦੀ।

**ਕਲਰ ਕੇਰੀ ਛਪੜੀ ਆਇ ਉਲਥੇ ਹੰਝ॥**

**ਚਿੰਜੂ ਬੋੜਨਿ੍ ਨਾ ਪੀਵਹਿ ਉਡਣ ਸੰਦੀ ਡੰਝ॥੬੪॥**

ਪਦ ਅਰਥ—ਕੇਰੀ=ਦੀ। ਉਲਥੇ=ਉਤਰੇ। ਹੰਝ=ਹੰਸ। ਬੋੜਨਿ੍=ਡੋਬਦੇ ਹਨ। ਸੰਦੀ=ਦੀ। ਡੰਝ=ਤਾਂਘ।

ਅਰਥ—ਕਲਰ ਦੀ ਛਪੜੀ ਤੇ ਹੰਸ ਆ ਉਤਰੇ, (ਉਸ ਛਪੜੀ ਵਿਚ ਉਹ) ਚੁੰਝ ਡੋਬਦੇ ਹਨ, ਪਾਣੀ ਮੈਲਾ ਕੌੜਾ ਹੋਣ ਕਰਕੇ ਪੀਂਦੇ ਨਹੀਂ ਅਤੇ ਉਥੋਂ ਉੱਡਣ ਦੀ ਤਾਂਘ ਹੁੰਦੀ ਹੈ।

ਜੇ ਕੋਈ ਸਤਿਸੰਗੀ ਭੁਲੇਖੇ ਨਾਲ ਚਿੱਟੇ ਬਗਲਿਆਂ ਦੀ ਕੁਸੰਗਤ ਵਿਚ, ਸਰੇਸ਼ਟ ਗੁਣਾਂ ਦੀ ਪ੍ਰਾਪਤੀ ਵਾਸਤੇ ਜਾ ਬੈਠੇ, ਤਾਂ ਉਥੋਂ ਜਦ ਬੁਰੇ ਵੀਚਾਰਾਂ ਦੇ ਚਿੱਕੜ ਵਿਚੋਂ ਉਸ ਦਾ ਬੁਧੀ ਰੂਪੀ ਹੱਥ ਚਿੱਕੜ ਨਾਲ ਭਰ ਗਿਆ ਤਾਂ ਉਥੋਂ ਉਹ ਤੁਰਨ ਦਾ ਯਤਨ ਕਰਦਾ ਹੈ।

SIKHBOOKCLUB.COM

**ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥ ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥੬੫॥**

ਪਦ ਅਰਥ—ਉਡਰਿ=ਉਡਕੇ। ਵਿਡਾਰਣਿ=ਉਡਾਉਣ। ਗਹਿਲਾ=ਭੋਲਾ।

ਅਰਥ—ਹੰਸ ਉਡ ਕੇ ਕੋਧਰੇ ਦੇ ਖੇਤ ਵਿਚ ਜਾ ਬੈਠਾ, ਤਾਂ ਲੋਕ ਉਸ ਨੂੰ ਉਡਾਣ ਵਾਸਤੇ ਜਾਂਦੇ ਹਨ, ਪਰ ਉਹ ਭਲੇ ਲੋਕ ਇਹ ਨਹੀਂ ਜਾਣਦੇ ਕਿ ਹੰਸ ਕੋਧਰਾ ਨਹੀਂ ਖਾਂਦਾ।

**ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ**

**ਵਸਾਏ ਤਲ॥ ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ॥੬੬॥**

ਪਦ ਅਰਥ—ਚਲਿ ਚਲਿ=ਵਾਰੋ ਵਾਰੀ ਤੁਰਦੀਆਂ ਗਈਆਂ। ਪੰਖੀਆਂ=ਪੰਛੀਆਂ ਦੀਆਂ ਡਾਰਾਂ। ਤਲ=ਤਲਾਬ। ਸਰੁ=ਸਰੋਵਰ, ਤਲਾਬ। ਚਲਸੀ=ਸੁੱਕ ਜਾਏਗਾ। ਥਕੇ=ਥੱਕ ਗਏ, ਕੁਮਲਾ ਗਏ। ਇਕਲ=ਇਕੱਲੇ।

ਅਰਥ— ਜੀਵ ਰੂਪੀ ਪੰਛੀਆਂ ਦੀਆਂ ਡਾਰਾਂ ਵੀ ਵਾਰੋ ਵਾਰੀ ਚਲੀਆਂ ਗਈਆਂ, ਜਿਨ੍ਹਾਂ ਨੇ ਸੰਸਾਰ ਰੂਪੀ ਤਲਾਬ ਨੂੰ ਵਸਾਇਆ ਸੀ ਤੇ ਰੌਣਕਾਂ ਲਾਈਆਂ ਹੋਈਆਂ ਸਨ।

ਹੇ ਫਰੀਦ! ਇਹ ਜਗਤ ਰੂਪੀ ਤਲਾਬ ਵੀ ਸੁੱਕ ਜਾਏਗਾ, ਤੇ ਪਿਛੇ ਇਕੱਲੇ ਰਹਿ ਗਏ ਕੌਲ ਫੁਲ ਵੀ ਕੁਮਲਾ ਜਾਣਗੇ ਭਾਵ ਸ੍ਰਿਸ਼ਟੀ ਦੇ ਹੋਰ ਪਦਾਰਥ) ਵੀ ਨਾਸ ਹੋ ਜਾਣਗੇ।

**ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥ ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥੬੭॥**

ਪਦ ਅਰਥ—ਵਾਪਰੇ=ਲੰਘ ਗਏ। ਇਕਤੁ ਪਾਸਿ=ਇਕੋ ਪਾਸੇ।

ਅਰਥ—ਹੇ ਫਰੀਦ! ਸਿਰ ਹੇਠਾਂ ਇੱਟ ਰੱਖ ਕੇ, ਧਰਤੀ ਤੇ ਸੌਣਾ ਹੋਵੇਗਾ, ਸਰੀਰ ਨੂੰ ਕੀੜੇ (ਲੜਨ) ਡੰਗ ਮਾਰਨਗੇ। ਇਕ ਪਾਸੇ ਪਿਆਂ ਨੂੰ (ਕਬਰ ਵਿਚ) ਕਈ ਜੁਗ ਬੀਤ ਜਾਣਗੇ।

**ਫਰੀਦਾ ਭੰਨੀ ਘੜੀ ਸਵੰਨਵੀ ਟੂਟੀ**

**ਨਾਗਰ ਲਜੁ॥ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ॥੯੮॥**

ਪਦ ਅਰਥ—ਸਵੰਨਵੀ=ਸੋਹਣੇ ਰੰਗ ਵਾਲੀ ਸੁੰਦਰ। ਨਾਗਰ=ਸੁੰਦਰ। ਲਜੁ=ਉਮਰ, ਸੁਆਸਾਂ ਦੀ ਲੜੀ। ਨਾਠੀ= ਪ੍ਰਾਹੁਣਾ। ਕੈ ਘਰਿ=ਕਿਸ ਦੇ ਘਰ ਦਾ।

ਅਰਥ—ਹੇ ਫਰੀਦਾ ! ਸੋਹਣੇ ਰੰਗ ਵਾਲੀ ਘੜੀ (ਮਿੱਟੀ ਦਾ ਭਾਂਡਾ ਇਹ ਸਰੀਰ) ਅਤੇ ਸੁੰਦਰ ਲੱਜ ਜਿਸ ਨਾਲ ਇਹ ਘੜੀ ਬੱਧੀ ਸੀ ਉਹ ਵੀ ਟੁਟ ਭੱਜ ਗਈ ਹੈ। ਹੁਣ ਮੌਤ ਦਾ ਫਰਿਸ਼ਤਾ ਅਜਰਾਈਲ ਕਿਸ ਘਰ ਦਾ ਪ੍ਰਾਹੁਣਾ ਹੈ? ਹੋਰ ਕਿਸ ਦੀ ਵਾਰੀ ਹੈ, ਜਿਸਨੂੰ ਅਜਰਾਈਲ ਨੇ ਲੈ ਜਾਣਾ ਹੈ।

SIKHBOOKCLUB.COM

**ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ॥ ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ॥੯੯॥**

ਪਦ ਅਰਥ—ਭੁਇ ਭਾਰੁ=ਧਰਤੀ ਉਤੇ ਭਾਰ ਸਨ। ਅਜੁ= ਹੁਣ ਫਿਰ।

ਅਰਥ—ਹੇ ਫਰੀਦ ! ਜਿਸ ਦੀ ਸੋਹਣੇ ਰੰਗ ਵਾਲੀ ਦੇਹੀ ਰੂਪ ਘੜੀ ਭੱਜ ਗਈ ਅਤੇ ਸੁਆਸਾਂ ਰੂਪੀ ਸੋਹਣੀ ਲੱਜ ਟੁਟ ਗਈ, ਹੁਣ ਉਨ੍ਹਾਂ ਨੂੰ ਮੁੜ ਕੇ ਮਨੁੱਖਾ ਜਨਮ ਵਾਲਾ ਸਮਾਂ ਫੇਰ ਨਹੀਂ ਮਿਲੇਗਾ, ਜਿਹੜੇ ਕੇਵਲ ਧਰਤੀ ਉਤੇ ਭਾਰ ਹੀ ਸਨ।

ਮਨੁੱਖਾ ਜਨਮ ਧਾਰਕੇ ਜਿਹੜੇ ਪ੍ਰਮਾਤਮਾ ਦਾ ਨਾਮ ਨਹੀਂ ਲੈਂਦੇ ਅਤੇ ਪਰਉਪਕਾਰ ਦਾ ਕੰਮ ਵੀ ਕੋਈ ਨਹੀਂ ਕਰਦੇ ਉਹ

ਧਰਤੀ ਉਤੇ ਭਾਰ ਹੀ ਕਥਨ ਕੀਤੇ ਜਾਂਦੇ ਹਨ।

**ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ ੭੦ ॥**

ਪਦ ਅਰਥ—ਬੇ ਨਿਵਾਜਾ=ਨਿਮਾਜ਼ ਨਾ ਪੜ੍ਹਨ ਵਾਲਾ। ਰੀਤਿ=ਤਰੀਕਾ।

ਅਰਥ—ਫਰੀਦ ਜੀ ਕਹਿੰਦੇ ਹਨ, ਹੇ ਨਿਮਾਜ਼ ਨਾ ਪੜ੍ਹਨ ਵਾਲੇ ਕੁਤਿਆ, ਇਹ ਤੇਰਾ ਤਰੀਕਾ ਚੰਗਾ ਨਹੀਂ ਹੈ ਕਿ ਤੂੰ ਕਦੀ ਵੀ ਨਿਮਾਜ਼ ਪੜ੍ਹਨ ਵਾਸਤੇ ਪੰਜ ਵੇਲੇ ਮਸੀਤ ਵਿਚ ਨਹੀਂ ਆਉਂਦਾ। ਏਥੇ ਪਰਮਾਤਮਾ ਦੀ ਬੰਦਗੀ ਕਰਨ ਤੋਂ ਬਿਨਾਂ ਜੋ ਪੁਰਸ਼ ਆਪਣੇ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਨੂੰ ਫਰੀਦ ਜੀ ਨੇ ਕੁਤਿਆ ਕਰਕੇ ਸੰਬੋਧਨ ਕੀਤਾ ਹੈ।

SIKHBOOKCLUB.COM

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧ ॥**

ਪਦ ਅਰਥ—ਉਜੂ ਸਾਜਿ-ਨਿਮਾਜ਼ ਪੜ੍ਹਨ ਤੋਂ ਪਹਿਲਾਂ ਮੂੰਹ ਹੱਥ ਪੈਰ ਧੋ। ਗੁਜਾਰਿ=ਕਰ, ਪੜ੍ਹ। ਕਪਿ=ਕੱਟ ਵੱਢ ਕੇ।

ਅਰਥ—ਹੇ ਫਰੀਦ! ਉਠ ਕੇ ਮੂੰਹ ਹੱਥ ਧੋ ਕੇ ਅੰਮ੍ਰਿਤ ਵੇਲੇ ਦੀ ਨਿਮਾਜ਼ ਪੜ੍ਹ, ਜਿਹੜਾ ਸਿਰ ਆਪਣੇ ਮਾਲਕ (ਰੱਬ)ਅਗੇ ਨਹੀਂ ਝੁਕਦਾ (ਬੰਦਗੀ ਨਹੀਂ ਕਰਦਾ) ਉਸ ਸਿਰ ਨੂੰ ਧੌਣ ਤੋਂ ਵੱਢ ਕੇ ਲਾਹ ਸੁਟ।

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥ ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ੭੨ ॥**

ਪਦ ਅਰਥ—ਕਾਂਇ=ਕੀ? ਕੁੰਨੇ=ਹਾਂਡੀ। ਸੰਦੈ=ਦੇ।

ਅਰਥ—ਜਿਹੜਾ ਸਿਰ ਮਾਲਕ ਅਗੇ ਉਸਦੀ ਬੰਦਗੀ ਵਿਚ ਨਹੀਂ ਨਿਉਂਦਾ, ਉਸ ਸਿਰ ਦਾ ਕੀ ਕਰੀਏ? ਉੱਤਰ ਹੈ ਉਸਨੂੰ ਹਾਂਡੀ ਹੇਠਾਂ ਬਾਲਣ (ਲੱਕੜਾਂ) ਦੇ ਥਾਂ ਬਾਲ ਸਾੜ ਦੇਣਾ ਚਾਹੀਦਾ ਹੈ।

**ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥ ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ ੭੩ ॥**

ਪਦ ਅਰਥ—ਲਦਿ ਗਏ=ਚਲੇ ਗਏ। ਪਤੀਣੋਹਿ= ਪਤੀਜਿਆ।

ਅਰਥ—ਹੇ ਫਰੀਦ! ਉਹ ਤੇਰੇ ਮਾਪੇ (ਮਾਤਾ ਪਿਤਾ) ਕਿਥੇ ਹਨ ਜਿਨ੍ਹਾਂ ਨੇ ਤੈਨੂੰ ਜਨਮ ਦਿਤਾ ਸੀ ਉਹ ਤੇਰੇ ਪਾਸੋਂ (ਵੇਖਦਿਆਂ ਹੀ) ਚਲੇ ਗਏ ਹਨ ਤੂੰ ਅਜੇ ਨਹੀਂ ਪਤੀਜਿਆ ਤੈਨੂੰ ਅਜੇ ਯਕੀਨ ਨਹੀਂ ਹੋਇਆ, ਕਿ ਤੂੰ ਵੀ ਇਥੋਂ ਚਲੇ ਜਾਣਾ ਹੈ, ਜਿਸ ਕਰਕੇ ਬੇਪ੍ਰਵਾਹ ਹੋ ਕੇ ਤੂੰ ਵੀ ਰੱਬ ਦੀ ਬੰਦਗੀ ਨਹੀਂ ਕਰਦਾ।

**ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥ ਅਗੈ ਮੂਲਿ ਨ ਆਵਸੀ ਦੋਜਕ ਸੰਦੀ**

**ਭਾਹਿ ॥ ੭੪ ॥**

ਪਦ ਅਰਥ—ਅਗੈ=ਦਰਗਾਹ ਵਿਚ। ਸੰਦੀ=ਦੀ। ਭਾਹਿ = ਅੱਗ।

ਅਰਥ—ਹੇ ਫਰੀਦ! ਤੂੰ ਆਪਣੇ ਮਨ ਨੂੰ ਮੈਦਾਨ ਵਾਂਗੂੰ ਸਾਫ ਪੱਧਰਾ ਕਰਕੇ ਇਸ ਦੇ ਨੀਵੇਂ ਉੱਚੇ ਥਾਂ (ਦਵੈਤ ਭਾਵਨਾ, ਹਉਮੈ ਆਦਿ ਵਿਕਾਰ) ਦੂਰ ਕਰ ਦੇਹ, ਫਿਰ ਤੈਨੂੰ ਅਗੇ ਨਰਕਾਂ ਦੀ ਅੱਗ ਬਿਲਕੁਲ ਨਹੀਂ ਆਵੇਗੀ। ਨਰਕਾਂ ਦੀ ਅੱਗ ਤੈਨੂੰ ਸਾੜਨ ਵਾਸਤੇ ਨਹੀਂ ਆਵੇਗੀ।

**ਮਹਲਾ ੫ ॥ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥**

ਪਦ ਅਰਥ—ਖਾਲਕੁ=ਖਲਕਤ (ਸ੍ਰਿਸ਼ਟੀ) ਨੂੰ ਪੈਦਾ ਕਰਨ ਵਾਲਾ ਪਰਮਾਤਮਾ। ਖਲਕ=ਖਲਕਤ।

ਅਰਥ—ਸ੍ਰੀ ਗੁਰੂ ਅਰਜਨ ਦੇਵ ਜੀ ਫਰੀਦ ਜੀ ਦੇ ਉਪਰਲੇ ਸ਼ਬਦ ਨੂੰ ਫਰੀਦ ਦੇ ਨਾਮ ਹੇਠਾਂ ਹੀ ਉਸ ਦੀ ਸਪਸ਼ਟੀਕਰਣ ਕਰਦੇ ਹਨ।

ਹੇ ਫਰੀਦ! ਪਰਮਾਤਮਾ ਖਲਕਤ ਵਿਚ ਹੈ ਅਤੇ ਖਲਕਤ ਪ੍ਰਮਾਤਮਾ ਵਿਚ ਵਸ ਰਹੀ ਹੈ। ਫਿਰ ਕਿਸ ਜੀਵ ਨੂੰ ਮਾੜਾ ਆਖੀਏ, ਜਦ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ।

**ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥ਪਵਨਿ ਨ ਇਤੀ ਮਾਮਲੇ**

## ਸਹਾਂ ਨ ਇਤੀ ਦੂਖ॥੭੬॥

ਪਦ ਅਰਥ—ਦਿਹਿ=ਦਿਨ। ਨਾਲਾ=ਨਾੜੂ। ਕਪਿਆ= ਕਟਿਆ, ਵੱਢਿਆ। ਚੁਖ=ਥੋੜਾ ਜਿੰਨਾ, ਰਤਾ ਕੁ। ਇਤੀ= ਇਤਨੇ। ਮਾਮਲੇ=ਧੰਧੇ, ਝਮੇਲੇ।

ਅਰਥ—ਹੇ ਫਰੀਦ! ਜਿਸ ਦਿਨ ਦਾਈ ਨੇ ਮੇਰਾ ਨਾੜੂ ਕਟਿਆ ਸੀ, ਜੇਕਰ ਉਸ ਸਮੇਂ ਰਤਾ ਕੁ ਮੇਰਾ ਗਲ ਵਢ ਦੇਂਦੀ ਤਾਂ ਮੇਰੇ ਗਲ ਇਤਨੇ ਝਮੇਲੇ ਨਾ ਪੈਂਦੇ ਤੇ ਨਾ ਮੈਂ ਇਤਨੇ ਦੁਖ ਸਹਿੰਦਾ।

## ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥ ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥

SIKHBOOKCLUB.COM

ਪਦ ਅਰਥ—ਚਲਣ=ਪੈਰ। ਚਬਣ=ਦੰਦ। ਰਤੰਨ= ਅੱਖਾਂ। ਸੁਣੀਅਰ=ਕੰਨ। ਬਹਿ=ਬੈਠ ਗਏ, ਕਮਜ਼ੋਰ ਹੋ ਗਏ। ਹੇੜੇ =ਸਰੀਰ ਨੇ। ਮੁਤੀ=ਮਾਰੀ। ਧਾਹ=ਉੱਚੀ ਉੱਚੀ ਰੋਣਾ। ਜਾਨੀ=ਮਿੱਤਰ।

ਅਰਥ—ਫਰੀਦ ਜੀ ਕਹਿੰਦੇ ਹਨ, ਸਰੀਰ ਦੇ ਅੰਗ, ਦੰਦ, ਪੈਰ, ਅੱਖਾਂ, ਕੰਨ ਸਾਰੇ ਕਮਜ਼ੋਰ ਹੋ ਗਏ ਹਨ, ਪੈਰ ਤੁਰਨ ਫਿਰਨ ਤੋਂ, ਦੰਦ ਖਾਣ ਤੋਂ, ਅੱਖਾਂ ਵੇਖਣ ਤੋਂ ਅਤੇ ਕੰਨ ਸੁਣਨ ਤੋਂ ਰਹਿ ਗਏ ਹਨ, ਇਸ ਗੱਲ ਨੂੰ ਵੇਖਕੇ ਸਰੀਰ ਨੇ (ਜਿਸ ਦੇ ਇਹ ਸਾਥੀ ਸਨ) ਧਾਹਾਂ ਮਾਰੀਆਂ ਕਿ ਮੇਰੇ ਆਪਣੇ ਮਿੱਤਰ ਹੀ ਮੈਨੂੰ ਛੱਡ ਗਏ ਹਨ।

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ੭੮ ॥**

ਪਦ ਅਰਥ—ਨ ਹਢਾਇ=ਨਾ ਕਰਿਆ ਕਰ।

ਅਰਥ—ਹੇ ਫਰੀਦ! ਬੁਰੇ ਪੁਰਸ਼ ਦਾ ਵੀ ਤੂੰ ਭਲਾ ਕਰ ਤੇ ਉਸ ਬੁਰੇ ਦੀ ਗੱਲ ਦਾ ਮਨ ਵਿਚ ਗੁੱਸਾ ਨਾ ਆਉਣ ਦੇਹ। ਇਸ ਤਰ੍ਹਾਂ ਕਰਨ ਨਾਲ ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਤੇ ਪੱਲੇ (ਹਿਰਦੇ) ਵਿਚ ਸਭ (ਚੰਗਿਆਈਆਂ ਦਾ ਫਲ) ਪੈ ਜਾਂਦਾ ਹੈ।

**ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥ ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥ ੭੯ ॥**

SIKHBOOKCLUB.COM

ਪਦ ਅਰਥ—ਪੰਖ=ਪੰਛੀਆਂ ਦੀ ਡਾਰ। ਪਰਾਹੁਣੀ= ਮੁਸਾਫਿਰ ਹੈ। ਸੁਹਾਵਾ=ਸੋਹਣਾ। ਸਾਜੁ=ਆਹਰ, ਤਿਆਰੀ।

ਅਰਥ—ਹੇ ਫਰੀਦ! ਇਹ ਦੁਨੀਆਂ ਇਕ ਸੋਹਣਾ ਬਾਗ ਹੈ, ਇਸ ਵਿਚ ਜੀਵ ਰੂਪੀ ਪੰਛੀਆਂ ਦੀ ਡਾਰ ਪਰਾਹੁਣੀ ਹੈ। ਜਦ ਅੰਮ੍ਰਿਤ ਵੇਲੇ ਦਾ ਧੌਂਸਾ ਵੱਜਦਾ ਹੈ ਤਾਂ ਸਭ ਉੱਡਣ ਦੀ ਤਿਆਰੀ ਦਾ ਸਾਮਾਨ ਕਰ ਲੈਂਦੇ ਹਨ।

**ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥ ਜਿੰਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥ ੮੦ ॥**

ਪਦ ਅਰਥ—ਕਥੂਰੀ=ਕਸਤੂਰੀ। ਭਾਉ=ਭਾਗ, ਹਿੱਸਾ। ਕੁਆਉ=ਕਠਨ ਹੈ।

ਅਰਥ—ਹੇ ਫਰੀਦਾ ! ਰਾਤ ਨੂੰ ਬੰਦਗੀ ਰੂਪੀ ਕਸਤੂਰੀ ਦੀ ਦਾਤ ਵੰਡੀਦੀ ਹੈ, ਜਿਹੜੇ ਸੁੱਤੇ ਰਹਿੰਦੇ ਹਨ, ਉਹਨਾਂ ਨੂੰ ਉਸ ਵਿਚੋਂ ਹਿੱਸਾ ਨਹੀਂ ਮਿਲਦਾ। ਜਿਨ੍ਹਾਂ ਦੇ ਨੇਤ੍ਰ (ਅੱਖਾਂ) ਸਾਰੀ ਰਾਤ ਨੀਂਦਰ ਵਿਚ ਹੀ ਘੁਟੇ ਰਹਿੰਦੇ ਹਨ, ਉਨ੍ਹਾਂ ਨੂੰ ਨਾਮ ਕਸਤੂਰੀ ਦੀ ਪ੍ਰਾਪਤੀ ਕਠਨ ਹੈ।

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥੮੧॥**

SIKHBOOKCLUB.COM

ਪਦ ਅਰਥ—ਸਬਾਇਐ=ਸਾਰੇ ਹੀ।

ਅਰਥ—ਫਰੀਦ ਜੀ ਕਹਿੰਦੇ ਹਨ ਕਿ ਮੈਂ ਸਮਝਿਆ ਸੀ ਕਿ ਮੈਂ ਹੀ ਦੁਖੀ ਹਾਂ, ਪਰ ਇਹ ਦੁਖ ਤਾਂ ਸਾਰੇ ਸੰਸਾਰ ਵਿਚ ਹੈ। ਜਦ ਮੈਂ ਕੁਛ ਉੱਚਾ ਹੋ ਕੇ (ਦੂਰ ਦ੍ਰਿਸ਼ਟੀ ਨਾਲ) ਵੇਖਿਆ ਤਾਂ ਹਰ ਇਕ ਘਰ ਵਿਚ ਇਹੀ ਦੁਖਾਂ ਦੀ ਅੱਗ ਨਾਲ ਸਭ ਕੋਈ ਦੁਖੀ ਹੈ।

(ਸ੍ਰੀ ਗੁਰੂ ਅਰਜਨ ਦੇਵ ਜੀ ਇਨ੍ਹਾਂ ਦੁਖਾਂ ਦੀ ਅੱਗ ਤੋਂ ਬਚਣ ਦਾ ਉਪਾ ਫਰੀਦ ਜੀ ਨੂੰ ਦਸਦੇ ਹਨ)।

**ਮਹਲਾ ੫॥ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥ ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ॥੮੨॥**

ਪਦ ਅਰਥ—ਰੰਗਾਵਲੀ=ਰੰਗ ਰੰਗ ਦੀ ਸੁਹਾਵਣੀ।

ਮੰਝਿ=ਵਿਚ। ਵਿਸੂਲਾ=ਦੁਖਾਂ ਵਾਲਾ, ਕੰਡਿਆਂ (ਸੂਲਾਂ) ਵਾਲਾ। ਪੀਰਿ=ਗੁਰੂ। ਨਿਵਾਜਿਆ=ਵਡਿਆਇਆ ਹੈ, ਬਖਸ਼ਿਸ਼ ਕੀਤੀ ਹੈ। ਅੰਚ=ਅਗਨੀ, ਦੁਖਾਂ ਦੀ। ਲਾਗ=ਲਗਦੀ।

ਅਰਥ—ਹੇ ਫਰੀਦ! ਇਸ ਸੁਹਾਵਣੀ ਧਰਤੀ ਵਿਚ ਸੂਲਾ (ਕੰਡਿਆਂ) ਦਾ ਬਾਗ ਲੱਗਾ ਹੋਇਆ ਹੈ। ਪਰ ਜਿਸ ਪੁਰਸ਼ ਨੂੰ ਗੁਰੂ ਨੇ ਬਖਸ਼ਿਸ਼ ਕੀਤੀ ਹੈ ਉਸ ਨੂੰ ਇਹ ਕੰਡਿਆਲੀ ਦੁਖਾਂ ਦੀ ਅੱਗ ਦਾ ਸੇਕ ਨਹੀਂ ਲਗਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ-

**ਮਹਲਾ ੫॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ॥ ੮੩॥**

SIKHBOOKCLUB.COM

ਪਦ ਅਰਥ— ਸੁਵੰਨੜੀ=ਸੁੰਦਰ। ਨੇਹ=ਪਿਆਰ।

ਅਰਥ—ਗੁਰੂ ਜੀ ਕਹਿੰਦੇ ਹਨ, ਹੇ ਫਰੀਦ! ਜਿਨ੍ਹਾਂ ਦੀ ਸੁਖਮਈ ਉਮਰ ਦੇ ਨਾਲ ਸੁੰਦਰ ਸਰੀਰ ਵੀ ਹੈ ਅਤੇ ਪਿਆਰੇ ਪ੍ਰਮਾਤਮਾ ਨਾਲ ਪ੍ਰੇਮ ਵੀ, ਐਸੇ ਪੁਰਸ਼ ਕੋਈ ਵਿਰਲੇ ਹੀ ਪਾਈਦੇ ਹਨ।

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥ ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥ ੮੪॥**

ਪਦ ਅਰਥ—ਕੰਧੀ=ਨਦੀ ਦਾ ਕੰਢਾ। ਤਉ=ਤੂੰ। ਤਿਦਾਊ=ਉਧਰ। ਗੰਉ ਕਰੇ=ਜਾਣਾ ਕਰਦਾ ਹੈ।

ਅਰਥ—ਹੇ ਨਦੀ ਦੇ ਵਹਿਣ ! ਤੂੰ ਨਦੀ ਦੇ ਕੰਢੇ (ਪਾਸੇ) ਨਾ ਢਾਹ (ਡੇਗ) ਤੂੰ ਵੀ ਲੇਖਾ ਦੇਣਾ ਹੈ। ਜਿਧਰ ਰੱਬ ਦੀ ਮਰਜ਼ੀ ਹੋਵੇ ਵਹਿਣ ਉਧਰ ਹੀ ਜਾਣਾ ਕਰਦਾ ਹੈ। ਸੋ ਕੀ ਪਤਾ ਤੇਰੇ ਵਹਿਣ ਨੂੰ ਰੱਬ ਕਿਸੇ ਦੂਸਰੇ ਪਾਸੇ ਤੋਰ ਦੇਵੇ। ਭਾਵ-ਆਪਣੇ ਆਂਢ ਗੁਆਂਢ ਨੂੰ ਦੁਖੀ ਨਹੀਂ ਕਰਨਾ ਚਾਹੀਦਾ, ਮਤਾ ਸਾਨੂੰ ਵੀ ਦੁਖੀ ਕਰਨ ਵਾਲਾ ਕੋਈ ਆ ਜਾਵੇ।

**ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥ ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥ ੮੫॥**

ਪਦ ਅਰਥ—ਦਿਹੁ=ਦਿਨ। ਸੂਲਾਂ=ਚੁਭਵੀਂ ਪੀੜ। ਪਾਤਣੀ =ਮਲਾਹ ਰੂਪ ਗੁਰੂ। ਕਪਰ=ਲਹਿਰਾਂ ਦੇ। ਵਾਤਿ=ਮੂੰਹ ਵਿਚ ਹੈ।

ਅਰਥ—ਹੇ ਫਰੀਦ! ਦੁਖਾਂ ਵਿਚ ਦਿਨ ਲੰਘਿਆ ਹੈ, ਅਤੇ ਤਿੱਖੀਆਂ ਪੀੜਾਂ ਨਾਲ ਰਾਤ। ਕਿਨਾਰੇ ਤੇ ਖਲੋਤਾ ਮਲਾਹ ਪੁਕਾਰ ਰਿਹਾ ਹੈ ਕਿ ਛੇਤੀ ਕਰੋ, ਬੇੜਾ ਲਹਿਰਾਂ (ਘੁੰਮਣ ਘੇਰੀ) ਵਿਚ ਆਇਆ ਹੋਇਆ ਹੈ।

**ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥ ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥ ੮੬॥**

ਪਦ ਅਰਥ—ਲੰਮੀ ਲੰਮੀ=ਬਹੁਤ ਲੰਮੀ। ਨਦੀ=ਦੁਖਾਂ ਦੀ ਨਦੀ। ਕੰਧੀ=ਕਿਨਾਰਾ, ਕੰਢਾ। ਕੇਰੈ ਹੇਤਿ=ਡੇਗਣ ਢਾਹੁਣ

ਵਾਸਤੇ। ਕਪਰੁ=ਘੁੰਮਣਘੇਰੀ। ਸੁਚੇਤਿ=ਹੁਸ਼ਿਆਰ, ਖਬਰਦਾਰ।

ਅਰਥ—ਬਹੁਤ ਲੰਮੀ ਨਦੀ ਵਗਦੀ ਜਾ ਰਹੀ ਹੈ, ਕਿਨਾਰਿਆਂ ਨੂੰ ਢਾਹੁਣ ਵਾਸਤੇ ਪਰ ਬੇੜੇ ਨੂੰ ਇਸ ਨਦੀ ਦੀ ਘੁੰਮਣ ਘੇਰੀ ਕੀ ਕਰ ਸਕਦੀ ਹੈ, ਜੇਕਰ ਉਸ ਨੂੰ ਕਿਨਾਰੇ ਲਾਉਣ ਵਾਲਾ ਮਲਾਹ (ਗੁਰੂ) ਹੁਸ਼ਿਆਰ ਹੋਵੇ।

**ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥ ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥੮੭॥**

ਪਦ ਅਰਥ—ਗਲੀ=ਗੱਲਾਂ ਨਾਲ। ਇਕੁ=ਅਸਲ ਸਜਣ। ਲਹਾਂ=ਲੱਭਦਾ। ਮਾਂਲੀਹ=ਗੋਹੇ ਦਾ ਸੁੱਕਾ ਚੂਰਾ। ਮਾ ਪਿਰੀ=ਮੇਰਾ ਪਿਆਰਾ ਸਜਣ। ਕਾਰਣਿ=ਵਾਸਤੇ।

ਅਰਥ—ਫਰੀਦ ਜੀ ਕਹਿੰਦੇ ਹਨ, ਗੱਲਾਂ ਕਰਨ ਵਾਲੇ ਤਾਂ ਵੀਹ ਸੱਜਣ ਮਿਲ ਜਾਂਦੇ ਹਨ, ਪਰ ਅਸਲ ਸੱਜਣ ਲੱਭਿਆਂ ਇਕ ਵੀ ਨਹੀਂ ਮਿਲਦਾ। ਮੈਂ ਉਨ੍ਹਾਂ ਆਪਣੇ ਪਿਆਰੇ ਅਸਲੀ ਸੱਜਣਾਂ ਦੇ ਮਿਲਣ ਵਾਸਤੇ ਗੋਹੇ ਵਾਂਗੂੰ ਵਿਚੇ ਵਿਚ ਧੁਖ (ਝੂਰ) ਰਿਹਾ ਹਾਂ।

**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ॥ ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ॥੮੮॥**

ਪਦ ਅਰਥ—ਭਉਕਣਾ=ਭਉਂਕਣ ਵਾਲਾ, ਬੇਅਰਥ ਬੋਲਣ ਵਾਲਾ। ਦੁਖੀਐ=ਦੁਖੀ ਹੋਵੇ। ਬੁਜੇ=ਡਾਟ।

ਅਰਥ— ਫਰੀਦ ਜੀ ਕਹਿੰਦੇ ਹਨ, ਇਹ ਮੇਰਾ ਤਨ ਦੁਖੀ ਬੋਲਣ ਵਾਲਾ ਹੈ, ਇਸਦਾ ਭਉਂਕਣਾ ਸੁਣਕੇ ਰੋਜ਼ ਰੋਜ਼ ਕੌਣ ਦੁਖੀ ਹੋਵੇ। ਮੈਂ ਤਾਂ ਆਪਣੇ ਕੰਨਾਂ ਵਿਚ ਡਾਟ (ਡੱਕੇ) ਦੇਈ ਰਖਾਂਗਾ, ਭਾਵੇਂ ਕਿਤਨੀ ਵੀ ਤੇਜ਼ ਹਵਾ ਚਲਦੀ ਰਹੇ, ਭਾਵ ਕਿ ਇਸ ਆਪਣੇ ਭਉਂਕਣੇ ਮਨ ਦੀ ਕੋਈ ਅਵਾਜ਼ ਨਹੀਂ ਸੁਣਾਂਗਾ, ਇਹ ਪਿਆ ਬੋਲੇ (ਮੰਗਾਂ ਮੰਗੀ ਜਾਵੇ) ਮੈਂ ਇਸਦੇ ਪਿਛੇ ਲੱਗ ਕੇ ਦੁਖੀ ਨਹੀਂ ਹੋਵਾਂਗਾ।

**ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥ ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥ ੮੯॥**

SIKHBOOKCLUB.COM

ਪਦ ਅਰਥ— ਰਬ ਖਜੂਰੀ=ਰੱਬ ਦੀਆਂ ਖਜੂਰਾਂ। ਮਾਖਿਅ =ਮਾਖਿਓ, ਸ਼ਹਿਦ ਦੀਆਂ। ਨਈ=ਨਦੀਆਂ। ਵੰਞੈਂ= ਲੰਘਦਾ ਹੈ। ਡੀਹੜਾ=ਦਿਨ। ਹਥ ਪਵੰਨਿ=ਹੱਥ ਪਾਉਂਦਾ। (ਘਟਾਉਂਦਾ) ਜਾ ਰਿਹਾ ਹੈ।

ਅਰਥ —ਫਰੀਦ ਜੀ ਕਹਿੰਦੇ ਹਨ, ਰੱਬ ਦੀਆਂ ਖਜੂਰਾਂ ਪੱਕੀਆਂ ਹੋਈਆਂ ਹਨ ਅਤੇ ਸ਼ਹਿਦ ਦੀਆਂ ਨਦੀਆਂ ਵਗ ਰਹੀਆਂ ਹਨ। ਏਧਰ ਜਿਹੜਾ ਵੀ ਦਿਨ ਲੰਘਦਾ ਹੈ ਓਹੀ ਪੁਰਸ਼ ਦੀ ਉਮਰ ਨੂੰ ਘਟਾਉਂਦਾ ਜਾ ਰਿਹਾ ਹੈ।

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥ ੯੦॥**

ਪਦ ਅਰਥ— ਪਿੰਜਰੁ=ਹੱਡੀਆਂ ਦਾ ਢਾਂਚਾ। ਖੂੰਡਹਿ=ਠੂੰਗ ਰਹੇ ਹਨ। ਕਾਗ=ਕਾਂ। ਬਾਹੁੜਿਓ=ਮਿਲਿਆ।

ਅਰਥ— ਫਰੀਦ ਜੀ ਕਹਿੰਦੇ ਹਨ, ਸਰੀਰ ਸੁੱਕ ਕੇ ਹੱਡੀਆਂ ਦਾ ਢਾਂਚਾ ਹੀ ਰਹਿ ਗਿਆ ਹੈ ਪਰ ਰੱਬ ਅਜੇ ਵੀ ਨਹੀਂ ਮਿਲਿਆ, ਵੇਖੋ, ਪੁਰਸ਼ ਦੇ ਮਾੜੇ ਭਾਗ।

**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਕੀ ਆਸ ॥ ੯੧ ॥**

ਪਦ ਅਰਥ— ਕਰੰਗ=ਸਰੀਰ ਦਾ ਪਿੰਜਰ। ਢੰਢੋਲਿਆ = ਢੂੰਡ, ਫੋਲ। ਮਤਿ=ਨਾਹ।

SIKHBOOKCLUB.COM

ਅਰਥ— ਹੇ ਕਾਲੇ ਕਾਂ! ਮੇਰੇ ਸਰੀਰ ਨੂੰ ਫੋਲ ਕੇ ਤੂੰ ਸਾਰਾ ਮਾਸ ਖਾ ਲਿਆ ਹੈ ਪਰ ਹੁਣ ਮੇਰੀਆਂ ਦੋਹਾਂ ਅੱਖਾਂ ਨੂੰ ਨਾ ਛੇੜ, ਇਹਨਾਂ ਨਾਲ ਮੈਨੂੰ ਆਪਣਾ ਪਿਆਰਾ ਵੇਖਣ ਦੀ ਤਾਂਘ ਹੈ।

**ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥ ੯੨ ॥**

ਪਦ ਅਰਥ—ਚੂੰਡਿ=ਠੂੰਗ ਨਾ। ਪਿੰਜਰਾ=ਸੁੱਕਾ ਹੋਇਆ ਸਰੀਰ। ਬਸੈ=ਵਸਦਾ ਰਹਿੰਦਾ ਹੈ। ਉਡਰਿ=ਉੱਡ ਜਾਹ। ਤਿਦੂ=ਤਿਸਦਾ।

ਅਰਥ— ਹੇ ਕਾਲੇ ਕਾਂ! ਮੇਰਾ ਸੁੱਕਾ ਹੋਇਆ ਸਰੀਰ ਨਾ ਠੂੰਗ, ਜੇ ਤੂੰ ਏਥੇ ਵੱਸਦਾ ਹੈਂ ਤਾਂ ਹੁਣ ਉੱਡ ਜਾਹ, ਜਿਸ ਸਰੀਰ ਵਿਚ

ਮੇਰਾ ਮਾਲਕ ਵੱਸਦਾ ਹੈ, ਉਸ ਦਾ ਮਾਸ ਨਾ ਖਾਹ।

**ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥ ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥**

ਪਦ ਅਰਥ—ਗੋਰ=ਕਬਰ। ਸਡੁ=ਸੱਦਾ ਦੇਂਦੀ ਹੈ। ਸਰਪਰ=ਨਿਰਸੰਸੇ, ਬਿਨਾਂ ਸ਼ੱਕ। ਮੈਥੈ=ਮੇਰੇ ਪਾਸ।

ਅਰਥ—ਫਰੀਦ ਜੀ ਕਹਿੰਦੇ ਹਨ, ਵਿਚਾਰੀ ਕਬਰ ਸੱਦਾ (ਅਵਾਜ਼ਾਂ) ਦੇ ਰਹੀ ਹੈ, ਕਿ ਹੇ ਬੇਘਰੇ ਜੀਵ ! ਆਪਣੇ ਘਰ ਵਿਚ ਆ, ਬਿਨਾਂ ਸ਼ੱਕ ਤੂੰ ਮੇਰੇ ਪਾਸ ਹੀ ਆਉਣਾ ਹੈ, ਮੌਤ ਤੋਂ ਨਾ ਡਰ।

**ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ॥ ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ॥ ੯੪॥**

ਪਦ ਅਰਥ— ਲੋਇਣੀ-ਅੱਖਾਂ ਨਾਲ। ਕੇਤੀ=ਕਿਤਨੀ ਹੀ ਦੁਨੀਆਂ।

ਅਰਥ—ਇਹਨਾਂ ਅੱਖਾਂ ਨਾਲ ਵੇਖਦਿਆਂ ਹੀ ਕਿਤਨੀ ਹੀ ਦੁਨੀਆਂ ਚਲੀ ਗਈ ਹੈ। ਫਰੀਦ ਜੀ ਕਹਿੰਦੇ ਹਨ ਲੋਕਾਂ ਨੂੰ ਆਪੋ ਆਪਣੇ ਕੰਮਾਂ ਸੁਆਰਥਾਂ ਦੀ ਚਿੰਤਾ ਲੱਗੀ ਹੋਈ ਹੈ ਤੇ ਮੈਨੂੰ ਆਪਣੀ (ਰੱਬ ਨਾਲ ਮਿਲਣ ਦੀ ਚਿੰਤਾ) ਲੱਗੀ ਹੋਈ ਹੈ।

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ**

**ਸਭੁ ਜਗੁ ਤੇਰਾ ਹੋਇ ॥ ੯੫ ॥**

ਪਦ ਅਰਥ— ਆਪੁ=ਆਪਣੇ ਆਪ ਨੂੰ। ਮੈ=ਮੈਨੂੰ।

ਅਰਥ— ਜੇਕਰ ਤੂੰ ਆਪਣੇ ਆਪ ਨੂੰ ਠੀਕ ਕਰ ਲਵੇਂ ਤਾਂ ਮੈਨੂੰ ਮਿਲ ਪਵੇਗਾ ਅਤੇ ਮੈਨੂੰ ਮਿਲਣ ਨਾਲ ਤੈਨੂੰ ਆਤਮਿਕ ਸੁਖ ਹੋਵੇਗਾ।

ਹੇ ਫਰੀਦ! ਜੇਕਰ ਤੂੰ ਮੇਰਾ (ਰੱਬ ਦਾ) ਹੋ ਰਹੇਂ (ਬਣ ਜਾਵੇਂ) ਤਾਂ ਫਿਰ ਸਾਰਾ ਸੰਸਾਰ ਹੀ ਤੇਰਾ ਬਣ ਜਾਵੇਗਾ।

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥ ੯੬ ॥**

SIKHBOOKCLUB.COM

ਪਦ ਅਰਥ— ਕੰਧੀ=ਕੰਢਾ। ਧੀਰੁ=ਧੀਰਜ। ਨੀਰੁ=ਪਾਣੀ।

ਅਰਥ— ਦਰਿਆ ਦੇ ਕੰਢੇ ਉਤੇ ਖੜਾ ਰੁੱਖ (ਬੂਟਾ) ਕਿੰਨਾ ਕੁ ਚਿਰ ਧੀਰਜ ਕਰੇਗਾ। ਫਰੀਦ ਜੀ ਕਹਿੰਦੇ ਹਨ, ਕੱਚੇ ਘੜੇ ਵਿਚ ਕਿੰਨਾ ਕੁ ਚਿਰ ਪਾਣੀ ਰਖਿਆ ਜਾ ਸਕਦਾ ਹੈ। ਇਸ ਤਰ੍ਹਾਂ ਹੀ ਇਹ ਮਨੁੱਖ ਮੌਤ ਨਦੀ ਦੇ ਕੰਢੇ ਖਲੋਤਾ ਹੋਇਆ ਕਿੰਨਾ ਕੁ ਚਿਰ ਜੀਵਨ ਦੀ ਆਸ ਰਖ ਸਕਦਾ ਹੈ।

**ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥ ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥ ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥ ੯੭ ॥**

ਪਦ ਅਰਥ—ਨਿਸਖਣ=ਖਾਲੀ, ਸੁੰਞੇ। ਤਲਿ=ਹੇਠਾਂ। ਬਹਸਨਿ=ਬੈਠਣਗੀਆਂ। ਆਖੀਂ=ਆਖ, ਕਰ।

ਅਰਥ—ਹੇ ਫਰੀਦ! ਉੱਚੇ ਮੰਦਰ ਸੁਞੇਂ ਰਹਿ ਗਏ ਤੇ ਵਸਣਾ ਹੇਠਾਂ ਧਰਤੀ ਦੇ ਕਬਰਾਂ ਵਿਚ ਮਿਲਿਆ। (ਅੰਤ ਨੂੰ) ਨਿਮਾਣੀਆਂ ਕਬਰਾਂ ਨੂੰ ਰੂਹਾਂ ਮਲ ਕੇ ਬੈਠਣਗੀਆਂ।

ਹੇ ਸ਼ੇਖ (ਫਰੀਦ) ਰੱਬ ਦੀ ਬੰਦਗੀ ਕਰ, ਅਜ ਕਲ੍ਹ ਹੀ ਚਲਣਾ ਹੋਵੇਗਾ।

**ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥ ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥ ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥ ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥ ੯੮॥**

ਪਦ ਅਰਥ—ਢਾਹਾ=ਕੰਢਾ। ਹੂਲ=ਰੌਲਾ। ਕਾਹਾਹਾ= ਹਾਹਾਕਾਰ। ਓਗਾਹਾ=ਸਾਖੀ।

ਅਰਥ—ਹੇ ਫਰੀਦ! ਮੌਤ ਦੀ ਨਦੀ ਦਾ ਕੰਢਾ ਇਸ ਤਰ੍ਹਾਂ ਹੀ ਦਿਸ ਰਿਹਾ ਹੈ, ਜਿਵੇਂ ਦਰਿਆ ਦਾ ਕੰਢਾ (ਢਹਿੰਦਾ ਜਾਂਦਾ ਹੈ) ਅਗੇ ਤਪੇ ਹੋਏ ਨਰਕ ਸੁਣੀਦੇ ਹਨ, ਜਿਥੇ ਨਰਕ ਵਿਚ (ਪਏ ਪਾਪੀ) ਜੀਵਾਂ ਦੀ (ਰੌਲੇ ਨਾਲ) ਹਾਹਾਕਾਰ ਮੱਚੀ ਹੋਈ ਹੈ। ਕਈਆਂ ਨੂੰ ਸਾਰੀ ਸਮਝ ਆ ਗਈ ਹੈ (ਕਿ ਇਥੇ ਨੇਕ ਬਣਕੇ ਰਹਿਣਾ ਹੈ) ਅਤੇ ਕਈ ਬੇਪ੍ਰਵਾਹ ਹੋ ਕੇ ਫਿਰ ਰਹੇ ਹਨ। ਜਿਹੜੇ

ਕੰਮ ਕਿਸੇ ਨੇ ਏਥੇ ਦੁਨੀਆਂ ਵਿਚ ਕੀਤੇ ਹਨ, ਉਹੀ ਅੰਤ ਨੂੰ ਦਰਗਾਹ ਵਿਚ ਜਾ ਕੇ ਉਸਦੀ ਜ਼ਿੰਦਗੀ ਦੇ ਗਵਾਹ ਬਣਦੇ ਹਨ।

**ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ ੯੯॥**

ਪਦ ਅਰਥ—ਕੇਲ=ਖੇਡਾਂ। ਹੰਝ=ਹੰਸ ਵਰਗਾ ਚਿੱਟਾ ਬਗਲਾ। ਅਚਿੰਤੇ = ਅਚਾਨਕ ਹੀ। ਗਾਲੀ=ਗੱਲਾਂ। ਕੀਆਂ = ਕੀਤੀਆਂ।

SIKHBOOKCLUB.COM

ਅਰਥ—ਫਰੀਦ ਜੀ ਕਹਿੰਦੇ ਹਨ, ਦਰਿਆ ਦੇ ਕਿਨਾਰੇ ਤੇ ਬੈਠਾ ਹੋਇਆ ਬਗਲਾ ਕਲੋਲ ਕਰਦਾ ਹੈ, ਉਸ ਕਲੋਲ ਕਰਦੇ ਬਗਲੇ ਨੂੰ ਅਚਾਨਕ ਹੀ ਬਾਜ ਆਣ ਪਏ। ਬਾਜ ਉਸ ਰੱਬ ਦੇ ਪਏ ਤੇ ਬਗਲੇ ਨੂੰ ਆਪਣੇ ਕਲੋਲ ਕਰਨੇ ਭੁਲ ਗਏ। ਇਸ ਤਰ੍ਹਾਂ ਜੇਹੜੀਆਂ ਗੱਲਾਂ ਦਾ ਮਨ ਵਿਚ ਚਿੱਤ ਚੇਤਾ ਨਹੀਂ ਸੀ, ਉਹ ਗੱਲਾਂ ਰੱਬ ਨੇ ਕੀਤੀਆਂ।

ਇਸ ਜੀਵ ਨੂੰ ਬਗਲਾ ਕਿਹਾ ਗਿਆ ਹੈ ਅਤੇ ਮੌਤ ਦੇ ਫਰਿਸ਼ਤੇ ਨੂੰ ਬਾਜ। ਜੋ ਹੱਸਦੇ ਖੇਡਦੇ ਜੀਵ ਨੂੰ ਅਚਾਨਕ ਹੀ ਝਪਟ ਕੇ ਲੈ ਜਾਂਦਾ ਹੈ।

**ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥ ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ**

**ਬੰਨ੍ਹਿ॥ ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥ ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ॥ ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥ ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥੧੦੦॥**

ਪਦ ਅਰਥ—ਦੇਹੁਰੀ=ਦੇਹੀ, ਸਰੀਰ। ਵਤਿ=ਪਰਤ ਕੇ, ਮੁੜ ਕੇ। ਆਸੂਣੀ=ਆਸ ਉਮੀਦ। ਮਲਕਲ ਮਉਤ=ਮੌਤ ਦਾ ਫਰਿਸ਼ਤਾ। ਕੰਨ੍ਹਿ=ਮੋਢੇ ਤੇ।

SIKHBOOKCLUB.COM

ਅਰਥ—ਸਾਢੇ ਤਿੰਨ ਮਣ ਦਾ ਮਨੁੱਖ ਦਾ ਸਰੀਰ ਅੰਨ ਤੇ ਪਾਣੀ ਨਾਲ ਚਲ ਰਿਹਾ ਹੈ। ਦੁਨੀਆਂ ਵਿਚ ਬੰਦਾ ਆਸਾਂ ਉਮੀਦਾਂ ਲੈ ਕੇ ਆਇਆ ਹੈ। ਮੌਤ ਦਾ ਫਰਿਸ਼ਤਾ ਜਦ (ਸਰੀਰ ਦੇ) ਸਾਰੇ ਦਰਵਾਜ਼ੇ (ਇੰਦਰੇ, ਹੱਥ, ਪੈਰ, ਨੱਕ, ਕੰਨ, ਅੱਖਾਂ ਆਦਿ) ਤੋੜ ਕੇ ਆ ਜਾਂਦਾ ਹੈ ਤਦ ਮਨੁੱਖ ਦੇ ਉਹ (ਪਿਆਰੇ ਸਨਬੰਧੀ) ਇਸ ਨੂੰ ਮੌਤ ਦੇ ਫਰਿਸ਼ਤੇ ਅੱਗੇ ਬੰਨ੍ਹ ਕੇ ਤੋਰ ਦੇਂਦੇ ਹਨ। ਫਿਰ ਵੇਖੋ ਬੰਦਾ ਚਾਰ ਮਨੁੱਖਾਂ ਦੇ ਮੋਢਿਆਂ ਤੇ ਤੁਰਿਆ ਜਾ ਰਿਹਾ ਹੈ।

ਫਰੀਦ ਜੀ ਕਹਿੰਦੇ ਹਨ, ਜਗਤ ਵਿਚ ਜਿਹੜੇ ਚੰਗੇ ਕੰਮ ਕੀਤੇ ਸਨ, ਉਹੀ ਦਰਗਾਹ ਵਿਚ ਕੰਮ ਆਉਂਦੇ ਤੇ ਸਹਾਈ ਹੁੰਦੇ ਹਨ।

**ਫਰੀਦਾ ਹਉ ਬਲਿਹਾਰੀ ਤਿਨ੍ਹ ਪੰਖੀਆ ਜੰਗਲਿ ਜਿੰਨ੍ਹਾ ਵਾਸੁ॥ ਕਕਰੁ ਚੁਗਨਿ ਥਲਿ**

**ਵਸਨਿ ਰਬ ਨ ਛੋਡਨਿ ਪਾਸੁ ॥੧੦੧॥**

ਪਦ ਅਰਥ—ਕਕਰੁ=ਕੰਕਰ, ਰੋੜ ਆਦਿ। ਥਲਿ= ਪ੍ਰਿਥਵੀ ਉਤੇ। ਪਾਸੁ=ਪਾਸਾ, ਆਸਰਾ।

ਅਰਥ—ਫਰੀਦ ਜੀ ਕਹਿੰਦੇ ਹਨ, ਮੈਂ ਉਨ੍ਹਾਂ ਪੰਛੀਆਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਦਾ ਜੰਗਲ ਵਿਚ ਵਾਸਾ ਹੁੰਦਾ ਹੈ, ਕੰਕਰਾਂ ਚੁਗਦੇ ਹਨ, ਜ਼ਮੀਨ ਤੇ ਰਹਿੰਦੇ ਹਨ ਅਤੇ ਰੱਬ ਦਾ ਪਾਸਾ (ਯਾਦ ਕਰਨਾ) ਨਹੀਂ ਛਡਦੇ।

ਮਹਿਲ ਮਾੜੀਆਂ ਵਿਚ ਰਹਿਣ ਵਾਲੇ ਕਈ ਪ੍ਰਕਾਰ ਦੇ ਛਕਣ ਛਕਾਉਣ ਵਾਲੇ ਉਨ੍ਹਾਂ ਮਨੁੱਖਾਂ ਨਾਲੋਂ ਜਿਹੜੇ ਕਦੀ ਰੱਬ ਨੂੰ ਯਾਦ ਨਹੀਂ ਕਰਦੇ, ਇਹ ਭੋਲੇ ਭਾਲੇ ਗਰੀਬੜੇ ਪੰਛੀ ਚੰਗੇ ਹਨ, ਜਿਹੜੇ ਸਦਾ ਹੀ ਰੱਬ ਨੂੰ ਯਾਦ ਕਰਦੇ ਹਨ।

SIKHBOOKCLUB.COM

**ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥**

ਪਦ ਅਰਥ—ਵਣੁ=ਜੰਗਲ। ਝੜੇ ਝੜਿ=ਝੜ ਝੜ ਪੈਂਦੇ ਹਨ।

ਅਰਥ—ਹੇ ਫਰੀਦ! ਮੌਸਮ ਫਿਰ ਗਿਆ ਹੈ, ਜੰਗਲ ਦੇ ਬੂਟੇ ਹਿੱਲ ਗਏ ਹਨ ਅਤੇ ਪੱਤਰ ਝੜ ਝੜ ਕੇ ਡਿਗ ਰਹੇ ਹਨ। ਸਾਰੇ ਪਾਸੇ ਢੂੰਡ ਵੇਖੇ ਹਨ, ਕਿਤੇ ਵੀ ਸਥਿਰਤਾ ਨਹੀਂ (ਸਭ ਪਾਸੇ) ਮੌਸਮ ਦੇ ਫਿਰਨ ਨਾਲ ਬ੍ਰਿੱਛਾਂ ਦੇ ਪੱਤੇ ਝੜਦੇ ਜਾ ਰਹੇ ਹਨ। ਇਹੀ ਹਾਲ ਮਨੁੱਖਾ ਸਰੀਰ ਦਾ ਹੈ, ਬਾਲ ਜਵਾਨੀ ਤੇ ਬਿਰਧ ਅਵਸਥਾ ਦਾ ਮੌਸਮ ਫਿਰਦਾ ਹੀ ਰਹਿੰਦਾ ਹੈ ਤੇ ਆਪੋ ਆਪਣੀ

ਵਾਰੀ ਤੇ ਸਭ ਝੜਦੇ ਤੁਰੇ ਜਾ ਰਹੇ ਹਨ।

**ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥ ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥**

ਪਦ ਅਰਥ—ਪਟੋਲਾ=ਪੱਟ ਦਾ ਕਪੜਾ। ਧਜ=ਲੀਰਾਂ। ਕੰਬਲੜੀ=ਸਾਧਾਰਨ ਜਿਹੀ ਕੰਬਲੀ। ਵੇਸੀ=ਵੇਸ, ਪਹਿਰਾਵਾ।

ਅਰਥ—ਹੇ ਫਰੀਦਾ ! ਮੈਂ ਉਪਰ ਲੈਣ ਵਾਲਾ ਰੇਸ਼ਮ ਦਾ ਕਪੜਾ ਪਾੜਕੇ ਲੀਰਾਂ ਕਰ ਦਿਆਂ ਅਤੇ ਮਾੜੀ ਜਿਹੀ ਕੰਬਲੀ ਉਪਰ ਲੈ ਲਵਾਂ, ਜਿਹੜੇ ਵੇਸ ਕਰਨ ਨਾਲ ਮੇਰਾ ਮਾਲਕ ਮਿਲ ਪਵੇ ਮੈਂ ਉਹੀ ਵੇਸ ਧਾਰਨ ਕਰ ਲਵਾਂ।

SIKHBOOKCLUB.COM

(ਸ੍ਰੀ ਗੁਰੂ ਅਮਰਦਾਸ ਜੀ ਉਪਰਲੇ ਸਲੋਕ ਦਾ ਫਰੀਦ ਜੀ ਨੂੰ ਉਤਰ ਦੇਂਦੇ ਹਨ।

**ਮ: ੩ ॥ ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥**

ਪਦ ਅਰਥ—ਕਾਇ=ਕਿਉਂ? ਪਹਿਰੇਇ=ਪਹਿਨਦੀ ਹੈ। ਸਹੁ=ਪਤੀ ਪਰਮਾਤਮਾ। ਰਾਸਿ=ਚੰਗੀ।

ਅਰਥ—ਗੁਰੂ ਜੀ ਕਹਿੰਦੇ ਹਨ, ਹੇ ਇਸਤ੍ਰੀ ! ਰੇਸ਼ਮੀ ਕਪੜਾ ਕਿਉਂ ਪਾੜਦੀ ਹੈਂ ਤੇ ਮਾੜੀ ਜਿਹੀ ਕੰਬਲੀ ਕਿਉਂ ਪਹਿਨਦੀ ਹੈਂ? ਪਰਮਾਤਮਾ (ਪਤੀ) ਘਰ ਬੈਠਿਆਂ ਹੀ ਮਿਲ

ਜਾਂਦਾ ਹੈ, ਜੇਕਰ ਆਪਣੀ ਨੀਅਤ (ਮਨ ਦੀ ਅਵਸਥਾ) ਨੂੰ ਸ਼ੁਧ ਕਰ ਲਵੇਂ।

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

**ਮ: ੫ ॥ ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥ ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥**

ਪਦ ਅਰਥ—ਧਣੀ=ਪ੍ਰਮਾਤਮਾ। ਸਿਉ=ਤੋਂ। ਮੀਹਾਹੁ = ਮੀਂਹ ਤੋਂ।

ਅਰਥ—ਹੇ ਫਰੀਦ ! ਜਿਨ੍ਹਾਂ ਨੂੰ ਧਨ, ਵਡਿਆਂ ਦੀ ਦੌਲਤ ਅਤੇ ਜੁਆਨੀ ਦਾ ਹੰਕਾਰ ਹੈ, ਉਹ ਪ੍ਰਮਾਤਮਾ (ਦੇ ਨਾਮ) ਤੋਂ ਖਾਲੀ ਹੀ ਚਲੇ ਗਏ, ਜਿਸ ਤਰ੍ਹਾਂ ਮੀਂਹ ਵਸਣ ਨਾਲ ਉੱਚੇ ਥਾਂ ਸੁਕੇ ਹੀ ਰਹਿੰਦੇ ਹਨ।

**ਫਰੀਦਾ ਤਿਨ੍ਹਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥ ਐਥੈ ਦੂਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥**

ਪਦ ਅਰਥ—ਐਥੈ=ਇਥੇ। ਘਣੇਰਿਆ=ਬਹੁਤ, ਬੜੇ। ਠਉਰ ਨ ਠਾਉ=ਥਾਂ ਟਿਕਾਣਾ।

ਅਰਥ—ਫਰੀਦ ਜੀ ਕਹਿੰਦੇ ਹਨ, ਉਨ੍ਹਾਂ ਦੇ ਮੂੰਹ ਡਰਾਉਣੇ ਹਨ, ਜਿਨ੍ਹਾਂ ਨੇ ਪ੍ਰਮਾਤਮਾ ਦਾ ਨਾਮ ਭੁਲਾਇਆ ਹੋਇਆ ਹੈ। ਉਨ੍ਹਾਂ ਨੂੰ ਇਥੇ (ਜਗਤ ਵਿਚ) ਬਹੁਤ ਦੁਖ ਹੁੰਦੇ ਹਨ ਅਤੇ ਅਗੇ

ਦਰਗਾਹ ਵਿਚ ਉਨ੍ਹਾਂ ਨੂੰ ਥਾਂ ਟਿਕਾਣਾ ਨਹੀਂ ਮਿਲਦਾ।

**ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥ ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥**

ਪਦ ਅਰਥ—ਪਿਛਲ=ਪਿਛਲੀ, ਅੱਧੀ ਰਾਤ ਤੋਂ ਪਿਛੋਂ। ਰਬਿ=ਰੱਬ ਨੇ।

ਅਰਥ— ਹੇ ਫਰੀਦ! ਜੇ ਤੂੰ ਰਾਤ ਦੇ ਪਿਛਲੇ ਪਹਿਰ (ਅੰਮ੍ਰਿਤ ਵੇਲੇ) ਨਹੀਂ ਜਾਗਿਆ ਤਾਂ ਤੂੰ ਜੀਉਂਦਾ ਹੀ ਮਰਿਆ ਹੋਇਆ ਹੈਂ। ਜੇ ਤੂੰ (ਲੰਮੀਆਂ ਤਾਣਕੇ) ਰੱਬ ਨੂੰ ਭੁਲਾ ਦਿਤਾ ਹੈ ਤਾਂ ਰੱਬ ਨੇ ਤੈਨੂੰ ਨਹੀਂ ਭੁਲਾਇਆ (ਉਹ ਤੇਰੇ ਹਰ ਕਰਤਵ ਨੂੰ ਵੇਖ ਰਿਹਾ ਹੈ)।

SIKHBOOKCLUB.COM

ਸ੍ਰੀ ਗੁਰੂ ਅਰਜਨ ਦੇਵ ਜੀ ਫਰੀਦ ਜੀ ਦੇ ਇਸ ਸਲੋਕ ਦਾ ਅਗਲੇ ਚਾਰ ਸਲੋਕਾਂ ਦੁਆਰਾ ਸਪਸ਼ਟੀਕਰਨ ਕਰਦੇ ਹਨ।

**ਮ: ੫ ॥ ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥ ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥**

ਪਦ ਅਰਥ—ਕੰਤੁ=ਖਸਮ, ਮਾਲਕ।

ਅਰਥ—ਹੇ ਫਰੀਦ! ਰੱਬ ਬੜਾ ਅਨੰਦੀ ਤੇ ਬੇਮੁਥਾਜ ਹੈ, ਉਹ ਆਪਣੀ ਮੌਜ ਮਨ-ਮਰਜ਼ੀ ਕਰਦਾ ਹੈ ਤੇ ਕਿਸੇ ਦਾ ਮੁਥਾਜ ਨਹੀਂ ਹੁੰਦਾ। ਐਸੇ ਮਾਲਕ ਨਾਲ ਪ੍ਰੇਮ ਕਰਕੇ ਰੰਗੇ ਜਾਣ ਕਰਕੇ ਇਹ ਸੱਚਾ ਰੂਪ ਰੰਗ ਮਿਲਦਾ ਹੈ।

**ਮ: ੫ ॥ ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥ ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥**

ਪਦ ਅਰਥ—ਵਿਕਾਰੁ=ਬੁਰਿਆਈ। ਸੋ ਭਲਾ=ਉਸ ਨੂੰ ਚੰਗਾ ਕਰਕੇ ਜਾਣ।

ਅਰਥ—ਹੇ ਫਰੀਦ! ਦੁਖਾਂ ਤੇ ਸੁਖਾਂ ਨੂੰ ਇਕੋ ਜਿਹਾ ਕਰਕੇ ਜਾਣ ਅਤੇ ਮਨ ਤੋਂ ਬੁਰਿਆਈਆਂ ਕਢ ਦੇਹ। ਫਿਰ ਜੋ ਪ੍ਰਮਾਤਮਾ ਨੂੰ ਭਾਵੇ ਉਹੀ ਚੰਗਾ ਕਰਕੇ ਜਾਣ। ਤਦ ਤੈਨੂੰ ਦਰਗਾਹ ਦੀ ਪ੍ਰਾਪਤੀ ਹੋਵੇਗੀ।

**ਮ: ੫ ॥ ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥ ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥**

ਪਦ ਅਰਥ—ਦੁਨੀ=ਦੁਨੀਆਂ। ਨਾਲਿ=ਦੁਨੀਆਂ ਦੇ ਨਾਲ। ਜਿਸੁ=ਜਿਸ ਦੀ।

ਅਰਥ—ਹੇ ਫਰੀਦ! ਦੁਨੀਆਂ ਮਾਇਆ ਦੀ ਵਜਾਈ ਹੋਈ ਵੱਜਦੀ (ਨਚਾਈ ਹੋਈ ਨੱਚਦੀ ਬੇ-ਤਹਾਸ਼ਾ ਭਜੀ ਫਿਰਦੀ) ਹੈ ਅਤੇ ਤੂੰ ਵੀ ਦੁਨੀਆਂ ਦੇ ਨਾਲ ਹੀ ਨੱਚ ਰਿਹਾ ਹੈਂ। ਪਰ ਉਹ ਜੀਵ ਮਾਇਆ ਦਾ ਵਜਾਇਆ ਹੋਇਆ ਨਹੀਂ ਵਜਦਾ, ਜਿਸ ਦੀ ਪਰਮਾਤਮਾ ਆਪ ਸੰਭਾਲ ਕਰਦਾ ਹੈ।

**ਮ: ੫ ॥ ਫਰੀਦਾ ਦਿਲੁ ਰਤਾ ਇਸੁ ਦੁਨੀ**

SIKHBOOKCLUB.COM

**ਸਿਉ ਦੁਨੀ ਨ ਕਿਤੈ ਕੰਮਿ॥ ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ॥੧੧੧॥**

ਪਦ ਅਰਥ—ਮਿਸਲ=ਮਰਯਾਦਾ। ਗਾਖੜੀ=ਔਖੀ ਹੈ। ਪੂਰ ਕਰੰਮਿ =ਪੂਰਨ ਭਾਗਾਂ ਕਰਕੇ।

ਅਰਥ—ਹੇ ਫਰੀਦ! ਮਨ ਤਾਂ ਇਸ ਦੁਨੀਆਂ ਨਾਲ ਲੱਗਾ ਹੋਇਆ ਹੈ (ਪਰ ਅੰਤ ਨੂੰ) ਦੁਨੀਆਂ ਕਿਸੇ ਕੰਮ ਨਹੀਂ ਆਉਂਦੀ। ਫਕੀਰਾਂ ਦੀ ਮਰਯਾਦਾ (ਰਹਿਣੀ ਬਹਿਣੀ) ਬੜੀ ਔਖੀ ਹੈ, ਇਸ ਨੂੰ ਪੂਰਨ ਭਾਗਾਂ ਕਰਕੇ ਪਾਇਆ ਜਾਂਦਾ ਹੈ।

**ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥੧੧੨॥**

SIKHBOOKCLUB.COM

ਪਦ ਅਰਥ—ਫੁਲੜਾ=ਫੁਲ ਦਾ ਆਰੰਭ। ਪਛਾ ਰਾਤਿ=ਪਿਛਲੀ ਰਾਤਿ, ਅੰਮ੍ਰਿਤ ਵੇਲੇ। ਕੰਨੋ=ਪਾਸੋਂ।

ਅਰਥ—ਰਾਤ ਦੇ ਪਹਿਲੇ ਪਹਿਰ ਦਾ ਸਿਮਰਨ ਇਕ ਫੁਲ ਬਰਾਬਰ ਹੈ (ਜੋ ਫਲ ਲਗਣ ਤੋਂ ਪਹਿਲਾਂ ਨਿਕਲਦਾ ਹੈ) ਪਿਛਲੀ ਰਾਤ, ਅੰਮ੍ਰਿਤ ਵੇਲੇ ਦਾ ਸਿਮਰਨ ਫਲ ਸਮਾਨ ਹੈ। (ਜੋ ਬ੍ਰਿੱਛ ਨੂੰ ਫੁਲ ਦੇ ਪਿਛੋਂ ਲੱਗਦਾ ਹੈ। ਇਸ ਫਲ ਨੂੰ ਆਪਣੇ ਮਾਲਕ ਪ੍ਰਭੂ ਪਾਸੋਂ ਉਹੀ ਲੈਂਦੇ ਹਨ ਜਿਹੜੇ ਅੰਮ੍ਰਿਤ ਵੇਲੇ ਜਾਗਦੇ ਹਨ) ਉਨ੍ਹਾਂ ਉਤੇ ਹੀ ਪ੍ਰਮਾਤਮਾ ਦੀ ਬਖਸ਼ਿਸ਼ ਰੂਪੀ ਫਲ ਪ੍ਰਾਪਤ ਹੁੰਦਾ ਹੈ। ਜਿਹੜੇ ਅੰਮ੍ਰਿਤ ਵੇਲੇ ਪ੍ਰਭੂ ਸਿਮਰਨ ਵਿਚ ਜੁੜ ਬੈਠਦੇ ਹਨ।

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥ ਇਕਿ ਜਾਗੰਦੇ ਨਾ ਲਹਨਿ੍ ਇਕਨਾ ਸੁਤਿਆ ਦੇਇ ਉਠਾਲਿ॥੧੧੩॥**

ਪਦ ਅਰਥ—ਦਾਤੀ=ਦਾਤਾਂ, ਬਖਸ਼ਿਸ਼ਾਂ। ਸੰਦੀਆ= ਦੀਆਂ। ਕਿਆ ਚਲੈ=ਕੀ ਚਲਦਾ ਹੈ (ਕਿਸੇ ਦਾ ਜ਼ੋਰ)।

ਅਰਥ— ਦਾਤਾਂ (ਬਖਸ਼ਿਸ਼ਾਂ) ਮਾਲਕ ਦੀਆਂ ਹਨ, ਉਸ ਨਾਲ ਕਿਸੇ ਦਾ ਕੀ ਜ਼ੋਰ ਚਲਦਾ ਹੈ ਕਿ ਦਾਤਾ ਉਸ ਨੂੰ ਜ਼ਰੂਰ ਦੇਵੇ। ਇਕ ਜਾਗਦੇ (ਭਜਨ ਸਿਮਰਨ ਅੰਮ੍ਰਿਤ ਵੇਲੇ ਕਰਦੇ) ਹੋਏ ਵੀ ਉਸ ਦੀ ਬਖਸ਼ਿਸ਼ ਨੂੰ ਪ੍ਰਾਪਤ ਨਹੀਂ ਕਰ ਸਕਦੇ ਅਤੇ ਇਕਨਾਂ ਨੂੰ ਪ੍ਰਭੂ ਸੁਤਿਆਂ ਹੋਇਆਂ ਨੂੰ ਉਠਾਲ ਕੇ (ਸਾਵਧਾਨ ਕਰਕੇ ਬਖਸ਼ਿਸ਼ਾਂ) ਦੇਂਦਾ ਹੈ।

SIKHBOOKCLUB.COM

ਇਹ ਸਲੋਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸਿਰੀ ਰਾਗ ਦੀ ਵਾਰ ਵਿਚ ਹੈ। ਜੋ ਫਰੀਦ ਜੀ ਦੇ ਉਪਰਲੇ ਸਲੋਕ ਨੂੰ ਸਪਸ਼ਟ ਕਰਕੇ ਦਸਿਆ ਹੈ ਕਿ ਇਹ ਸੁਤੇ ਅਤੇ ਜਾਗਦੇ ਦਾ ਸਵਾਲ ਨਹੀਂ ਹੈ, ਇਹ ਤਾਂ ਕੇਵਲ ਬਖਸ਼ਿਸ਼ ਹੈ, ਜਿਸ ਨੂੰ ਚਾਹੇ ਕਰੇ।

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥ ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ॥੧੧੪॥**

ਪਦ ਅਰਥ—ਕੂ=ਨੂੰ। ਕਾਈ ਕੋਰ=ਕੋਈ ਉਣਤਾਈ ਹੈ। ਝਾਕ =ਆਸਾ।

ਅਰਥ—ਹੇ ਸੁਹਾਗਵੰਤੀ ਪ੍ਰਮਾਤਮਾ ਨੂੰ ਲੱਭਣ ਵਾਲੀ, (ਜੇ

ਤੈਨੂੰ ਪਤੀ ਨਹੀਂ ਮਿਲਦਾ ਤਾਂ) ਤੇਰੇ ਆਪਣੇ ਸਰੀਰ ਵਿਚ ਹੀ ਕੋਈ ਊਣਤਾਈ ਹੈ। ਜਿਨ੍ਹਾਂ ਦਾ ਨਾਮ ਸੋਹਾਗਣੀ ਹੈ, ਉਨ੍ਹਾਂ ਨੂੰ (ਆਪਣੇ ਪਤੀ ਤੋਂ ਬਿਨਾਂ) ਹੋਰ ਕਿਸੇ ਦੀ ਝਾਕ ਨਹੀਂ ਹੁੰਦੀ (ਇਕ ਦੀ ਹੀ ਸੇਵਾ ਸਿਮਰਨ ਕਰਦੀਆਂ ਹਨ।

**ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥ ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥੧੧੫॥**

ਪਦ ਅਰਥ—ਸਬਰ=ਧੀਰਜ, ਸੰਤੋਖ। ਮੰਝ=ਮਨ ਵਿਚ। ਨੀਹਣੋ=ਚਿੱਲਾ।

ਅਰਥ— ਜੇਕਰ ਮਨ ਵਿਚ ਧੀਰਜ ਦੀ ਕਮਾਣ ਹੋਵੇ ਅਤੇ ਧੀਰਜ ਦਾ ਹੀ ਚਿੱਲਾ ਹੋਵੇ (ਉਸ ਕਮਾਨ ਦਾ) ਅਤੇ ਧੀਰਜ ਦਾ ਹੀ ਤੀਰ ਹੋਵੇ ਤਾਂ ਫਿਰ ਪਰਮਾਤਮਾ ਇਸ ਤੀਰ ਦਾ ਨਿਸ਼ਾਨਾ ਖੁੰਝਣ ਨਹੀਂ ਦੇਂਦਾ (ਉਸਦਾ ਮਿਲਾਪ ਹੋ ਜਾਂਦਾ ਹੈ।

SIKHBOOKCLUB.COM

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥ ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥੧੧੬॥**

ਪਦ ਅਰਥ— ਸਾਬਰੀ = ਸਿਦਕਵਾਨ, ਸਬਰ ਕਰਨ ਵਾਲਾ ਬੰਦਾ। ਏਵੈ=ਇਸ ਤਰ੍ਹਾਂ ਹੀ। ਜਾਲੇਨਿ੍=ਜਾਲਦੇ, ਮਾਰਦੇ ਹਨ, ਘਾਲਣਾ ਘਾਲਦੇ ਹਨ, ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਦੀਆਂ।

ਅਰਥ—ਸਬਰ ਵਾਲੇ ਬੰਦੇ ਸਬਰ ਵਿਚ ਰਹਿ ਕੇ, ਏਸੇ ਤਰ੍ਹਾਂ ਹੀ (ਸਬਰ ਵਿਚ ਹੀ) ਸਰੀਰ ਨੂੰ ਸਾੜਦੇ ਜਪ ਤਪ, ਸਿਮਰਨ ਕਰਦੇ ਹਨ। ਉਹ ਰੱਬ ਦੇ ਨੇੜੇ ਹੋ ਜਾਂਦੇ ਹਨ ਅਤੇ ਇਹ ਭੇਤ ਹੋਰ ਕਿਸੇ ਨੂੰ ਨਹੀਂ ਦੇਂਦੇ।

**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥ ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥ ੧੧੭ ॥**

ਪਦ ਅਰਥ—ਸੁਆਉ=ਸੁਆਰਥ, ਪ੍ਰਯੋਜਨ। ਵਧਿ=ਵਧ ਕੇ। ਥੀਵਹਿ=ਹੋਵੇਂਗਾ। ਵਾਹੜਾ=ਛੋਟਾ ਨਾਲਾ, ਵਹਿਣ। ਟੁਟਿ=ਟੁਟ ਕੇ, ਘਟ ਕੇ।

SIKHBOOKCLUB.COM

ਅਰਥ—ਸਬਰ ਦਾ ਏਹੀ ਮਨੋਰਥ ਹੈ, ਹੇ ਬੰਦੇ ! ਜੇ ਤੂੰ ਇਸ ਨੂੰ ਪੱਕਾ ਕਰ ਲਵੇਂ ਤਾਂ ਵਧਕੇ ਦਰਿਆ ਬਣ ਜਾਵੇਂਗਾ ਅਤੇ ਫ਼ਿਰ ਟੁੱਟ ਕੇ ਛੋਟਾ ਜਿਹਾ ਨਾਲਾ ਨਹੀਂ ਹੋਵੇਂਗਾ।

**ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥ ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥ ੧੧੮ ॥**

ਪਦ ਅਰਥ—ਦਰਵੇਸੀ=ਫਕੀਰੀ। ਗਾਖੜੀ=ਔਖੀ ਹੈ। ਚੋਪੜੀ=ਉਪਰੋਂ ਚੰਗੀ। ਇਕਨਿ=ਕਿਸੇ ਇਕ ਨੇ।

ਅਰਥ—ਹੇ ਫਰੀਦ! ਫਕੀਰੀ ਕਰਨੀ ਬਹੁਤ ਔਖੀ ਕਾਰ ਹੈ, ਪਰ ਤੇਰੀ ਇਹ ਓਪਰੀ ਪ੍ਰੀਤ ਹੀ ਹੈ (ਜੋ ਤੂੰ ਫਕੀਰੀ ਦਾ ਦਮ ਮਾਰ ਰਿਹਾ ਹੈਂ)। ਇਸ ਫਕੀਰੀ ਕਾਰ (ਜੋ ਬਹੁਤ ਔਖੀ ਹੈ) ਕੋਈ

ਵਿਰਲਾ ਹੀ ਇਸ ਕਾਰ ਉਤੇ ਚਲਦਾ ਹੈ।

**ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ॥ ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥ ੧੧੯॥**

ਪਦ ਅਰਥ—ਬਾਲਣੁ=ਲੱਕੜਾਂ। ਬਲੰਨ੍ਹਿ=ਬਲਦੇ। ਸਿਰਿ = ਸਿਰ ਭਾਰ। ਜੁਲਾਂ=ਤੁਰਾਂ। ਮੂੰ=ਮੈਨੂੰ।

ਅਰਥ—ਮੇਰਾ ਸਰੀਰ ਤੰਦੂਰ ਵਾਂਗੂੰ ਤਪੇ, ਹੱਡ ਲੱਕੜਾਂ ਵਾਂਗੂੰ ਬਲਣ। ਪੈਰਾਂ ਨਾਲ ਤੁਰ ਕੇ ਜੇ ਥੱਕ ਜਾਵਾਂ ਤਾਂ ਸਿਰ ਭਾਰ ਹੋ ਕੇ ਤੁਰਾਂ। ਜੇਕਰ ਮੈਨੂੰ ਪਿਆਰਾ ਰੱਬ ਮਿਲ ਪਵੇ। (ਤਾਂ ਮੈਂ ਇਹ ਸਾਰੇ ਕਸ਼ਟ ਸਹਿਣ ਨੂੰ ਤਿਆਰ ਹਾਂ)।

SIKHBOOKCLUB.COM

**ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥ ੧੨੦॥**

(ਸਲੋਕ ਵਾਰਾਂ ਤੇ ਵਧੀਕ ਮ: ੧)

ਪਦ ਅਰਥ—ਫੇੜਿਆ=ਵਿਗਾੜਿਆ ਹੈ, ਗਵਾਇਆ ਹੈ। ਨਿਹਾਲਿ=ਵੇਖ।

ਅਰਥ—ਗੁਰੂ ਜੀ ਕਹਿੰਦੇ ਹਨ, ਹੇ ਫਰੀਦ ! ਸਰੀਰ ਨੂੰ ਤੰਦੂਰ ਵਾਂਗੂੰ ਨਾ ਸਾੜ ਅਤੇ ਹੱਡਾਂ ਨੂੰ ਲੱਕੜਾਂ ਵਾਂਗੂੰ ਨਾ ਬਾਲ। ਸਿਰ ਅਤੇ ਪੈਰਾਂ ਨੇ ਤੇਰਾ ਕੀ ਵਿਗਾੜਿਆ ਹੈ (ਇਨ੍ਹਾਂ ਨੂੰ ਕਿਉਂ ਇਸ ਤਰ੍ਹਾਂ ਦੁਖ ਦੇਂਦਾ ਹੈਂ) ਪ੍ਰਮਾਤਮਾ ਨੂੰ ਤੂੰ ਆਪਣੇ ਅੰਦਰ ਹੀ ਵੇਖ।

**ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ॥ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ॥੧੨੧॥**

(ਇਹ ਸਲੋਕ ਸ੍ਰੀ ਗੁਰੂ ਰਾਮਦਾਸ ਜੀ ਦਾ ਹੈ, ਜੋ ਕਾਨੜੇ ਦੀ ਵਾਰ ਦੀ ੧੫ਵੀਂ ਪਉੜੀ ਨਾਲ ਹੈ।

ਅਰਥ—(ਜੀਵ ਰੂਪ ਇਸਤ੍ਰੀ ਕਹਿੰਦੀ ਹੈ) ਮੈਂ ਜਿਸ ਸੱਜਣ ਪ੍ਰਮਾਤਮਾ ਨੂੰ ਲੱਭ ਰਹੀ ਹਾਂ, ਉਹ ਸੱਜਣ ਤਾਂ ਮੇਰੇ ਨਾਲ (ਹਿਰਦੇ ਅੰਦਰ) ਹੀ ਹੈ। ਗੁਰੂ ਜੀ ਕਹਿੰਦੇ ਹਨ ਉਸ ਅਲਖ (ਨਾ ਜਾਣੇ ਜਾਣ ਵਾਲੇ ਸੱਜਣ) ਨੂੰ ਜਾਣਿਆ ਨਹੀਂ ਜਾਂਦਾ, ਪਰ ਗੁਰੂ ਵਿਖਾਲ ਦੇਂਦਾ ਹੈ।

**ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥੧੨੨॥**

(ਇਹ ਸਲੋਕ ਤੇ ਸਲੋਕ ਨੰ: ੧੨੩ ਇਹ ਦੋਵੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ ਜੋ ਵਡਹੰਸ ਦੀ ਵਾਰ ਵਿਚ ਆਏ ਹਨ।)

ਪਦ ਅਰਥ—ਬਗਾ=ਬਗਲਿਆਂ ਨੂੰ। ਬਪੁੜੇ=ਵਿਚਾਰੇ। ਤਲਿ =ਹੇਠਾਂ।

ਅਰਥ—ਹੰਸਾਂ ਨੂੰ ਪਾਣੀ ਵਿਚ ਤਰਦਿਆਂ ਵੇਖ ਕੇ ਬਗਲਿਆਂ ਨੂੰ ਵੀ ਚਾਅ (ਖੁਸ਼ੀ) ਆ ਗਈ। (ਉਹ ਵੀ ਤਰਨ ਲਗੇ) ਪਰ ਬਗਲੇ ਵਿਚਾਰੇ ਪਾਣੀ ਵਿਚ ਡੁੱਬ ਕੇ ਮਰ ਗਏ, ਉਹਨਾਂ ਦਾ ਸਿਰ ਹੇਠਾਂ ਤੇ ਪੈਰ ਉਪਰ ਨੂੰ ਹੋ ਗਏ।

SIKHBOOKCLUB.COM

**ਮੈ ਜਾਨਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥**

ਪਦ ਅਰਥ— ਜਨਮਿ=ਕਦੇ ਭੀ।

ਅਰਥ—ਮੈਂ ਜਾਨਿਆਂ ਸੀ ਕਿ ਇਹ ਕੋਈ ਵੱਡਾ ਹੰਸ ਹੈ, ਜਿਸ ਕਰਕੇ ਮੈਂ ਉਸਦਾ ਸੰਗ (ਸਾਥ) ਕੀਤਾ। ਪਰ ਜੇ ਇਹ ਜਾਣਦੀ ਹੁੰਦੀ ਕਿ ਇਹ ਤਾਂ ਵਿਚਾਰਾ ਬਗਲਾ ਹੀ ਹੈ, ਤਾਂ ਮੈਂ ਕਦੀ ਵੀ ਜਨਮ ਭਰ ਵਿਚ ਇਸ ਨਾਲ ਅੰਗ ਨਾ ਮਿਲਾਉਂਦੀ।

**ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥ ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥**

SIKHBOOKCLUB.COM

ਇਹ ਸਲੋਕ ਵਾਰ ਸਿਰੀ ਰਾਗ ਪਉੜੀ ੨੦ ਵਿਚ ਸ੍ਰੀ ਗੁਰੂ ਨਾਨਕ ਜੀ ਦਾ ਹੈ।

ਅਰਥ—ਕੀ ਹੰਸ ਤੇ ਕੀ ਬਗਲਾ, ਜਿਸ ਤੇ ਕਿਰਪਾ ਦ੍ਰਿਸ਼ਟੀ ਕਰੇ (ਉਸ ਨੂੰ ਹੀ ਤਾਰ ਦੇਂਦਾ ਹੈ) ਜੇ ਉਸ (ਪਰਮਾਤਮਾ) ਨੂੰ ਭਾ ਜਾਵੇ ਤਾਂ (ਬਗਲੇ ਦੀ ਕਿਹੜੀ ਗੱਲ ਹੈ) ਉਹ ਕਾਲੇ ਕਾਂ ਤੋਂ ਵੀ ਹੰਸ ਕਰ ਦੇਂਦਾ ਹੈ। (ਅਤੇ ਵਿਕਾਰੀ ਨੂੰ ਵੀ ਉੱਤਮ ਪੁਰਸ਼ ਕਰ ਦੇਂਦਾ ਹੈ)।

**ਸਰਵਰ ਪੰਖੀ ਹੇਕੜੋ ਫਾਹੀ ਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥**

ਪਦ ਅਰਥ— ਸਰਵਰ=ਸੰਸਾਰ ਰੂਪ ਤਲਾਬ। ਹੇਕੜੋ= ਇਕੱਲਾ। ਗਡੁ ਥਿਆ=ਫਸ ਗਿਆ ਹੈ।

ਅਰਥ—ਸੰਸਾਰ ਰੂਪੀ ਤਲਾਬ ਵਿਚ ਇਹ ਜੀਵ ਰੂਪ ਇਕੱਲਾ ਹੀ ਪੰਛੀ ਹੈ, ਪਰ ਇਸ ਇਕੱਲੇ ਨੂੰ ਫਸਾਉਣ ਵਾਲੇ (ਕਾਮਾਦਿਕ) ਪੰਜਾਹ ਹਨ। ਇਹ ਸਰੀਰ ਵਿਕਾਰਾਂ ਰੂਪੀ ਲਹਿਰਾਂ ਵਿਚ ਫਸ ਗਿਆ ਹੈ। ਇਨ੍ਹਾਂ ਵਿਚੋਂ ਨਿਕਲਣ ਵਾਸਤੇ ਹੇ ਸੱਚੇ ਪ੍ਰਭੂ ਤੇਰੀ ਹੀ ਆਸ ਹੈ (ਕਿ ਤੂੰ ਇਨ੍ਹਾਂ ਚੋਂ ਕੱਢ ਸਕਦਾ ਹੈਂ)।

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥**

ਪਦ ਅਰਥ—ਮਣੀਆ ਮੰਤੁ=ਸਰੇਸ਼ਟ ਮੰਤ੍ਰ। ਹਉ=ਮੈਂ।

ਅਰਥ—ਕਿਹੜਾ ਅੱਖਰ (ਸ਼ਬਦ) ਬੋਲ ਹੈ, ਕਿਹੜਾ ਗੁਣ ਹੈ, ਕਿਹੜਾ ਸਰੇਸ਼ਟ ਮੰਤ੍ਰ ਹੈ ? ਅਤੇ ਕਿਹੜਾ ਵੇਸ ਮੈਂ ਧਾਰਨ ਕਰਾਂ ਜਿਸ ਨਾਲ ਮੇਰਾ ਪਤੀ ਮੇਰੇ ਵਸ ਵਿਚ ਆ ਜਾਵੇ।

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੭॥**

ਪਦ ਅਰਥ—ਨਿਵਣੁ=ਨਿੰਮ੍ਰਤਾ। ਅਖਰੁ=ਬੋਲ। ਖਵਣੁ = ਸਹਾਰਣਾ। ਜਿਹਬਾ ਮਣੀਆ ਮੰਤੁ=ਮਿੱਠਾ ਬੋਲਣਾ।

ਅਰਥ—ਉੱਤਰ: ਨਿੰਮ੍ਰਤਾ ਦਾ ਬੋਲ, ਬੋਲ ਕਬੋਲ ਨੂੰ ਸਹਾਰਣ ਦਾ ਗੁਣ ਅਤੇ ਜਿਹਬਾ ਦਾ ਸ੍ਰੇਸ਼ਟ ਮੰਤ੍ਰ (ਮਿੱਠਾ

ਬੋਲਣਾ) ਇਹ ਤਿੰਨ ਗੁਣ ਹਨ, ਜੇ ਤੂੰ ਇਹਨਾਂ ਗੁਣਾਂ ਦਾ ਵੇਸ ਧਾਰਨ ਕਰ ਲਵੇਂ ਤਾਂ ਹੇ ਭੈਣ ! ਪਤੀ ਤੇਰੇ ਵਸ ਵਿਚ ਆ ਜਾਵੇਗਾ।

**ਮਤਿ ਹੋਦੀ ਹੋਇ ਇਆਣਾ ॥ ਤਾਣ ਹੋਦੇ ਹੋਇ ਨਿਤਾਣਾ ॥ ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ ੧੨੮ ॥**

ਅਰਥ—ਜਿਹੜਾ ਅਕਲ ਹੁੰਦਿਆਂ ਵੀ ਅੰਞਾਣਾ ਬਣ ਕੇ ਰਹੇ, ਤਕੜਾ ਹੁੰਦਿਆਂ ਵੀ ਮਾੜਾ ਬਣਕੇ ਰਹੇ, (ਕਿਸੇ ਉਤੇ ਆਪਣੇ ਜ਼ੋਰ ਨਾਲ ਧੱਕਾ ਨਾ ਕਰੇ)। ਆਪਣੇ ਪਾਸ ਨਾ ਹੁੰਦਿਆਂ ਵੀ ਵੰਡ ਕੇ ਖਾਵੇ, ਜਿਹੜਾ ਕੋਈ ਅਜਿਹਾ ਪੁਰਸ਼ ਹੋਵੇ ਉਹ ਭਗਤ ਅਖਵਾਉਣ ਦੇ ਜੋਗ ਹੈ। (ਆਪਣੀ ਅਕਲ ਅਤੇ ਜ਼ੋਰ ਨਾਲ ਕਿਸੇ ਕਮਜ਼ੋਰ ਉਤੇ ਧੱਕਾ ਨਾ ਕਰੇ, ਆਪਣੀ ਥੋੜ੍ਹੀ ਕਮਾਈ ਵਿਚੋਂ ਵੀ ਗਰੀਬ ਦੀ ਸਹਾਇਤਾ ਕਰੇ)।

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥**

ਪਦ ਅਰਥ—ਗਾਲਾਇ=ਬੋਲ। ਧਣੀ=ਮਾਲਕ। ਹਿਆਉ = ਹਿਰਦਾ। ਠਾਹਿ=ਢਾਹ। ਮਾਣਕ=ਮੋਤੀ।

ਅਰਥ—ਇਕ ਵੀ ਫਿੱਕਾ ਬੋਲ ਨਾ ਬੋਲ, ਕਿਉਂਕਿ ਸਭਨਾਂ ਵਿਚ ਸੱਚਾ ਮਾਲਕ ਵਸ ਰਿਹਾ ਹੈ। ਹਿਰਦਾ ਕਿਸੇ ਦਾ ਨਾ ਢਾਹ, ਸਾਰੇ ਮੋਤੀ ਰੂਪ ਹਿਰਦੇ ਅਮੋਲ (ਜਿਨ੍ਹਾਂ ਦਾ ਮੁਲ ਨਹੀਂ ਪੈ

SIKHBOOKCLUB.COM

ਸਕਦਾ) ਹਨ।

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥੧੩੦॥**

ਪਦ ਅਰਥ—ਠਾਹਣੁ=ਢਾਣਾ, ਦੁਖਾਉਣਾ। ਮੂਲਿ = ਬਿਲਕੁਲ। ਮਚਾਂਗਵਾ=ਚੰਗਾ ਨਹੀਂ।

ਅਰਥ—ਸਾਰੇ ਜੀਵਾਂ ਦੇ ਮਨ ਮੋਤੀ ਰੂਪ ਹਨ, (ਇਨ੍ਹਾਂ ਨੂੰ) ਦੁਖਾਉਣਾ ਬਿਲਕੁਲ ਚੰਗਾ ਨਹੀਂ। ਜੇ ਤੈਨੂੰ ਪਿਆਰੇ ਦੇ ਮਿਲਣ ਦੀ ਸਿੱਕ (ਤਾਂਘ) ਹੈ ਤਾਂ ਕਿਸੇ ਦਾ ਹਿਰਦਾ ਨਾ ਦੁਖਾ।

SIKHBOOKCLUB.COM

-ਸਮਾਪਤ-

**ਨੋਟ**:- ਫਰੀਦ ਸਾਹਿਬ ਜੀ ਦੇ ਇਨ੍ਹਾਂ ੧੩੦ ਸਲੋਕਾਂ ਵਿਚੋਂ ੧੮ ਗੁਰੂ ਸਾਹਿਬਾਂ ਦੇ ਹਨ- ੪ ਗੁਰੂ ਨਾਨਕ ਦੇਵ ਜੀ। ੫ ਗੁਰੂ ਅਮਰਦਾਸ ਜੀ। ੧ ਗੁਰੂ ਰਾਮਦਾਸ ਜੀ ਅਤੇ ੮ ਗੁਰੂ ਅਰਜਨ ਦੇਵ ਜੀ। ਇਨ੍ਹਾਂ ਦਾ ਵੇਰਵਾ ਟੀਕੇ ਵਿਚ ਥਾਂ ਪਰ ਥਾਂ ਦਿਤਾ ਗਿਆ ਹੈ।

੧੧੨ ਸਲੋਕ ਸ਼ੇਖ ਬ੍ਰਹਮ (ਇਬਰਾਹੀਮ) ਦੇ ਹਨ। ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੋ ਵਾਰ ਪਾਕ ਪਟਨ ਜਾ ਕੇ ਮਿਲੇ ਸਨ ਅਤੇ ਇਨ੍ਹਾਂ ਨਾਲ ਹੀ ਆਪ ਜੀ ਦੀਆਂ ਗੋਸ਼ਟੀਆਂ ਪੁਰਾਣੀਆਂ ਪੁਸਤਕਾਂ ਅਤੇ ਸੂਰਜ ਪ੍ਰਕਾਸ਼ ਵਿਚ ਲਿਖੀਆਂ ਹਨ। ਆਪ ਜੀ ਦਾ ਨਾਮ ਫਰੀਦ ਸਾਨੀ ਵੀ ਲਿਖਿਆ ਹੋਇਆ ਹੈ। ਆਪ ਜੀ ਫਰੀਦ ਸ਼ਕਰ ਗੰਜ ਤੋਂ ਬਾਰ੍ਹਵੀਂ ਥਾਂ ਹੋਏ ਸਨ। ਇਨ੍ਹਾਂ ਦੇ ਵੱਡੇ ਬਾਬਾ ਫਰੀਦ ਜੀ ਜਿਨ੍ਹਾਂ ਤੋਂ ਇਹ ਸੰਪ੍ਰਦਾਇ ਚਲਦੀ ਹੈ, ਫਰੀਦ ਸ਼ਕਰ ਗੰਜ ਦੇ ਵਿਸ਼ੇਸ਼ਣ ਨਾਲ ਪ੍ਰਸਿਧ ਹੋਏ ਸਨ।

SIKHBOOKCLUB.COM

* * *